## ਅਧਿਆਇ 22

# ਇਸਰਾਏਲ ਨੂੰ ਸਰਾਪ ਦੇਣ ਦੀ ਬਿਲਆਮ ਦੀ ਕੋਸ਼ਿਸ਼

ਬਿਲਆਮ ਜੋ ਕਿ ਮਸੋਪੋਤਾਮੀਆ ਦਾ ਰਹਿਣ ਵਾਲਾ ਸੀ ਅਤੇ ਇਕ ਪ੍ਰਸਿੱਧ ਫ਼ਾਲ ਪਾਉਣ ਵਾਲਾ ਸੀ, ਇਸਰਾਏਲ ਨੂੰ ਸਰਾਪ ਦੇਣ ਦੇ ਲਈ ਮੋਆਬ ਦੇ ਰਾਜਾ ਬਾਲਾਕ ਦੁਆਰਾ ਸੱਦਿਆ ਗਿਆ ਸੀ। ਪਰ, ਪਰਮੇਸ਼ੁਰ ਦੇ ਲੋਕਾਂ ਨੂੰ ਸਰਾਪ ਦੇਣ ਦੀ ਬਜਾਇ, ਉਸ ਨੇ ਉਨ੍ਹਾਂ ਨੂੰ ਬਰਕਤ ਦਿੱਤੀ। ਗਿਣਤੀ 22-24 ਵਿਚ ਜੋ ਕਹਾਣੀ ਹੈ ਉਹ ਇਕ ਸੁਤੰਤਰ ਸਾਹਿਤਕ ਇਕਾਈ ਹੈ, ਆਪਣੇ ਆਪ ਵਿਚ ਸੰਪੂਰਨ ਹੈ। ਕੋਈ ਵੀ ਵਿਅਕਤੀ ਬਿਲਆਮ ਅਤੇ ਬਾਲਾਕ ਦੇ ਵਿਰਤਾਂਤ ਨੂੰ ਛੱਡ ਸਕਦਾ ਹੈ - ਉਹ ਗਿਣਤੀ 22:1 ਪੜ੍ਹ ਸਕਦਾ ਹੈ, ਬਾਕੀ ਦੇ ਅਧਿਆਇ ਛੱਡ ਕੇ ਸਿੱਧਾ 25:1 ਤੱਕ ਪਹੁੰਚ ਸਕਦਾ ਹੈ ਅਤੇ ਫਿਰ ਅੱਗੇ ਪੜ੍ਹਨਾ ਜਾਰੀ ਰੱਖ ਸਕਦਾ ਹੈ - ਅਤੇ ਪੁਸਤਕ ਵਿਚ ਦਿੱਤੀ ਜਾਣਕਾਰੀ ਫਿਰ ਵੀ ਉਸ ਨੂੰ ਸਮਝ ਆ ਜਾਵੇਗੀ।

ਇਹ ਕਹਾਣੀ ਕਿੱਥੋਂ ਸ਼ੁਰੂ ਹੋਈ ਸੀ? ਇਸ ਗੱਲ ਦਾ ਕੋਈ ਸੰਕੇਤ ਮਿਲਦਾ ਨਜ਼ਰ ਨਹੀਂ ਆਉਂਦਾ ਕਿ ਇਸਰਾਏਲੀ ਜਾਣਦੇ ਸਨ ਕਿ ਬਿਲਆਮ ਅਤੇ ਬਾਲਾਕ ਦੇ ਵਿਚਕਾਰ ਕੀ ਹੋ ਰਿਹਾ ਸੀ ਜਿਸ ਸਮੇਂ ਗਿਣਤੀ 22-24 ਦੀਆਂ ਘਟਨਾਵਾਂ ਵਾਪਰੀਆਂ। ਬੇਸ਼ੱਕ, ਇਨ੍ਹਾਂ ਅਧਿਆਵਾਂ ਵਿਚ ਦਿੱਤੀ ਗਈ ਜਾਣਕਾਰੀ ਲੇਖਕ ਨੂੰ ਪਰਮੇਸ਼ੁਰ ਵੱਲੋਂ ਸਿੱਧੀ ਪ੍ਰੇਰਣਾ ਨਾਲ ਦਿੱਤੀ ਗਈ ਹੋਵੇਗੀ। ਇਕ ਹੋਰ ਸੰਭਾਵਨਾ ਇਹ ਹੈ ਕਿ ਬਿਲਆਮ ਨੇ ਖੁਦ (ਜਾਂ ਉਸ ਦੇ ਕਿਸੇ ਨਜ਼ਦੀਕੀ ਨੇ) ਇਹ ਕਹਾਣੀ ਲਿਖੀ ਸੀ ਅਤੇ ਇਹ ਮਿਦਯਾਨੀਆਂ ਦੀ ਹਾਰ ਅਤੇ ਬਿਲਆਮ ਦੀ ਮੌਤ ਦੇ ਮਗਰੋਂ ਇਸਰਾਏਲ ਦੇ ਇਤਹਾਸਕ ਵਿਰਸੇ ਦਾ ਹਿੱਸਾ ਬਣ ਗਈ ਹੋਵੇਗੀ (ਅਧਿਆਇ 31)। ਫਿਰ ਇਸ ਨੂੰ ਪਰਮੇਸ਼ੁਰ ਦੀ ਪ੍ਰੇਰਣਾ ਪਾਏ ਹੋਏ ਲੇਖਕ ਦੁਆਰਾ ਪੁਸਤਕ ਵਿਚ ਜੋੜ ਦਿੱਤਾ ਗਿਆ ਹੋਵੇਗਾ।

ਬੜੇ ਧਿਆਨ ਨਾਲ ਤਿਆਰ ਕੀਤਾ ਗਿਆ ਇਹ ਵਿਰਤਾਂਤ ਹਾਸੇ, ਵਿਅੰਗ ਅਤੇ ਤੜਪ ਨਾਲ ਭਰਪੂਰ ਹੈ। ਬਿਲਆਮ ਅਤੇ ਬਾਲਾਕ ਨਾਲ ਪਰਮੇਸ਼ੁਰ ਦੇ ਵਰਤਣ ਦਾ ਉਦੇਸ਼ ਸਪੱਸ਼ਟ ਤੌਰ ਤੇ ਉਨ੍ਹਾਂ ਵਾਅਦਿਆਂ ਨੂੰ ਨਵਾਂ ਕਰਨਾ ਸੀ ਜੋ ਉਸ ਨੇ ਪਹਿਲਾਂ ਉਨ੍ਹਾਂ ਦੇ ਪਿਉ-ਦਾਦਿਆਂ ਨਾਲ ਅਤੇ ਆਪਣੀ ਨੇਮ ਦੀ ਪਰਜਾ ਨਾਲ ਕੀਤੇ ਸਨ। ਗਿਣਤੀ ਵਿਚ, ਉਨ੍ਹਾਂ ਵਾਅਦਿਆਂ ਦਾ ਨਵਿਆਉਣਾ ਰਣਨੀਤਕ ਸਮੇਂ ਤੇ ਆਉਂਦਾ ਹੈ: ਪੁਰਾਣੇ ਉਜਾੜ ਵਾਲੀ ਪੀੜ੍ਹੀ ਲਗਭਗ ਗੁਜ਼ਰ ਗਈ ਸੀ ਅਤੇ ਨਵੀਂ ਪੀੜ੍ਹੀ ਨੂੰ ਮੁੜ ਤੋਂ ਇਹ ਭਰੋਸਾ ਦਿਵਾਉਣ ਦੀ ਲੋੜ ਸੀ ਕਿ ਪਰਮੇਸ਼ੁਰ ਉਨ੍ਹਾਂ ਵਿਚ ਆਪਣੇ ਉਨ੍ਹਾਂ ਵਾਅਦਿਆਂ ਨੂੰ ਪੂਰਾ ਕਰੇਗਾ ਜੋ ਉਸ ਨੇ ਪਹਿਲਾਂ ਕੀਤੇ ਸਨ।

ਬਿਲਆਮ ਦੀ ਇਤਿਹਾਸਕਤਾ ਦੀ ਪੁਸ਼ਟੀ ਯਰਦਨ ਵਾਦੀ ਵਿਚ ਡੀਰ ਅੱਲਾ ਵਿਚ ਕੀਤੀ ਗਈ ਪੁਰਾਤੱਤਵ ਖੋਜ ਦੁਆਰਾ ਕੀਤੀ ਗਈ ਹੈ। 1967 ਵਿਚ, ਪੁਰਾਤੱਤਵ ਵਿਗਿਆਨੀਆਂ ਨੂੰ ਇਕ ਕੰਧ ਤੋਂ ਪਲਾਸਟਰ ਦੇ ਟੁਕੜਿਆਂ ਤੇ ਲਿਖਤ ਲੱਭੀ ਜਿਸ ਦੀ ਮਿਤੀ ਅਠਵੀਂ ਸਦੀ ਈ.ਪੂ. ਦੇ ਲਗਭਗ ਦੀ ਹੋਵੇਗੀ, ਜਿਸ ਦੇ ਉੱਤੇ ਬਏਰ ਦੇ ਪੁੱਤਰ ਬਿਲਆਮ ਨਬੀ ਦਾ ਨਾਮ ਲਿਖਿਆ ਹੋਇਆ

ਸੀ।[1] ਸ਼ਿਲਾਲੇਖ ਵਾਲੇ ਬਿਲਆਮ ਅਤੇ ਗਿਣਤੀ ਵਾਲੇ ਬਿਲਆਮ ਦੀਆਂ ਆਪਸ ਵਿਚ ਕਈ ਗੱਲਾਂ ਮਿਲਦੀਆਂ ਜੁਲਦੀਆਂ ਹਨ। ਰੌਏ ਗੇਨ ਦੇ ਅਨੁਸਾਰ, "[ਇਨ੍ਹਾਂ ਸ਼ਿਲਾਲੇਖਾਂ ਦੀ] ਸਭ ਤੋਂ ਸ਼ਾਨਦਾਰ ਵਿਸ਼ੇਸ਼ਤਾ ਇਹ ਹੈ ਕਿ ਬਏਰ ਦੇ ਪੁੱਤਰ ਬਿਲਆਮ ਨੂੰ ਦੇਵਤਿਆਂ ਦੇ ਨਬੀ ਦੇ ਰੂਪ ਵਿਚ ਯਾਦ ਕੀਤਾ ਜਾਂਦਾ ਹੈ, ਜਿਸ ਨੇ ਰਾਤ ਦੇ ਵੇਲੇ ਨਬੂਵਤੀ ਦਰਸ਼ਣ ਵਿਚ ਉਸ ਨੂੰ ਇਕ ਪਰੇਸ਼ਾਨ ਕਰਨ ਵਾਲਾ ਸੰਦੇਸ਼ ਦਿੱਤਾ ਸੀ।"[2] ਰੋਨਲਡ ਬੀ. ਐਲਨ ਨੇ ਆਖਿਆ ਕਿ ਇਹ ਨਬੂਵਤੀ ਮੂਲ ਲਿਖਤਾਂ ਵਿਖਾਉਂਦੀਆਂ ਹਨ ਕਿ ਇਹ ਮਨੁੱਖ ਆਪਣੀ ਮੌਤ ਤੋਂ ਸਦੀਆਂ ਬਾਅਦ ਵੀ ਮਸੋਪੋਤਾਮੀਆਂ ਵਿਚ ਕਿੰਨਾ ਪ੍ਰਸਿੱਧ ਸੀ। ਉਸ ਨੇ ਇਹ ਵੀ ਆਖਿਆ ਕਿ "ਇਹ ਤੱਥ ਕਿ ਨਬੂਵਤ ਕੰਧ ਉੱਤੇ ਲਿਖੀ ਗਈ ਸੀ ਇਹ ਸੰਕੇਤ ਦਿੰਦੀ ਹੈ ਕਿ ਇਹ ਇਸ ਫ਼ਾਲ ਪਾਉਣ ਦੀਆਂ ਨਬੂਵਤਾਂ ਦੀ ਮਹੱਤਵਪੂਰਣ ਇਤਿਹਾਸਕ ਉਦਾਹਰਣ ਹੈ ਜਿਸ ਨੂੰ ਭਵਿੱਖ ਦੀ ਪੀੜ੍ਹੀ ਦੇ ਲਈ ਸੰਭਾਲ ਕੇ ਰੱਖਿਆ ਜਾ ਸਕਦਾ ਹੈ।"[3]

## ਇਸਰਾਏਲੀਆਂ ਨੇ ਮੋਆਬ ਦੇ ਮਦਾਨ ਵਿੱਚ ਡੇਰੇ ਲਾਏ (22:1)

**[1]ਤਾਂ ਇਸਰਾਏਲੀਆਂ ਨੇ ਕੂਚ ਕਰ ਕੇ ਮੋਆਬ ਦੇ ਮਦਾਨ ਵਿੱਚ ਯਰਦਨ ਦੇ ਪਾਰ ਯਰੀਹੋ ਕੋਲ ਡੇਰੇ ਲਾਏ।**

**ਆਇਤ 1.** ਇਹ ਅਧਿਆਇ ਅੱਗੇ ਆਉਣ ਵਾਲੀ ਕਹਾਣੀ ਦੇ ਲਈ ਮੰਚ ਤਿਆਰ ਕਰਨ ਦੁਆਰਾ ਸ਼ੁਰੂ ਹੁੰਦਾ ਹੈ। **ਮੋਆਬ ਦੇ ਮਦਾਨ** ਖਾਰੇ ਸਮੁੰਦਰ ਦੇ ਉੱਤਰ ਵੱਲ ਅਤੇ ਯਰਦਨ ਦੇ ਪੂਰਬ ਵੱਲ ਸਥਿਤ ਸਨ। ਇਸ ਇਲਾਕੇ ਦਾ "ਰਿੜ੍ਹਵੇਂ ਪਠਾਰ" ਦੇ ਰੂਪ ਵਿਚ ਵਰਣਨ ਕੀਤਾ ਗਿਆ ਹੈ ਜੋ ਲਗਭਗ "ਸਮੁੰਦਰੀ ਪੱਧਰ ਤੋਂ 3,200 ਫੁੱਟ ਉੱਚਾ ਅਤੇ ... ਚਰਾਗਾਹ ਦੇ ਲਈ ਚੰਗਾ" ਹੈ।[4] ਉਹ ਥਾਂ ਜਿੱਥੇ ਇਸਰਾਏਲੀਆਂ ਨੇ ਡੇਰਾ ਲਾਇਆ ਸੀ "ਅਰਾਬਾਹ ਦਾ ਉਹ ਵੱਡਾ ਹਿੱਸਾ, ਜਾਂ ਮੋਆਬ ਦੇ ਮੈਦਾਨ, ਜਿਹੜੇ ਮੋਆਬ ਦੇ ਸਨ ਇਸ ਤੋਂ ਪਹਿਲਾਂ ਕਿ ਸੀਹੋਨ ਨੇ ਮੋਆਬ ਨੂੰ ਜਿੱਤਿਆ ਅਤੇ ਇਸ ਇਲਾਕੇ ਦੇ ਜ਼ਿਆਦਾਤਰ ਹਿੱਸੇ ਤੇ ਕਬਜ਼ਾ ਕਰ ਲਿਆ।"[5] ਸੀਹੋਨ ਅਤੇ ਓਗ ਉੱਤੇ ਜਿੱਤਾਂ ਤੋਂ ਬਾਅਦ, ਇਸਰਾਏਲੀ ਇਸ ਇਲਾਕੇ ਵਿਚ ਡੇਰਾ ਲਾਉਣ ਦੇ ਲਈ ਦੱਖਣ ਨੂੰ ਮੁੜ ਗਏ। ਖਾਸ ਕਰਕੇ, ਉਹ **ਯਰੀਹੋ ਕੋਲ** ਸਥਿਤ ਸਨ, ਪਹਿਲਾਂ ਸ਼ਹਿਰ ਜਿੱਥੇ ਉਹ ਵਾਅਦੇ ਦੀ ਧਰਤੀ ਵਿਚ ਰਹਿ ਕੇ ਹਮਲਾ ਕਰਨਗੇ (ਯਹੋਸ਼ੁਆ 6:1-27)।

ਮੋਆਬ ਦੇ ਇਲਾਕੇ ਵਿਚ ਇਸਰਾਏਲ ਦੀ ਮੌਜੂਦਗੀ ਨੇ ਮੋਆਬ ਦੇ ਰਾਜਾ ਦੇ ਦਿਲ ਵਿਚ ਡਰ ਪੈਦਾ ਕਰ ਦਿੱਤਾ। ਆਇਤ 1 ਵਿਰਤਾਂਤ ਲਈ ਅਪ੍ਰਸੰਗਿਕ ਨਹੀਂ ਹੈ, ਜਿਵੇਂ ਕਿ ਸੋਚਿਆ ਗਿਆ ਹੈ। ਇਸਰਾਏਲ ਦੇ ਉਜਾੜ ਦੇ ਸਫ਼ਰ ਦੇ ਵਿਰਤਾਂਤ ਦੇ ਦ੍ਰਿਸ਼ਟੀਕੋਣ ਤੋਂ, ਮੋਆਬ ਦੇ ਮੈਦਾਨਾਂ ਨੇ ਇਸਰਾਏਲੀਆਂ ਨੂੰ ਵਾਧੂ ਸਮੇਂ ਦੇ ਲਈ ਡੇਰਾ ਲਾਉਣ ਵਾਸਤੇ ਤੀਜਾ ਇਲਾਕਾ ਦਿੱਤਾ। ਪਹਿਲੇ ਦੋ ਇਲਾਕੇ ਸੀਨਈ ਪਰਬਤ ਅਤੇ ਕਾਦੇਸ਼ ਸਨ।

## ਬਿਲਆਮ ਨੂੰ ਬਾਲਾਕ ਦਾ ਪ੍ਰਸਤਾਵ (22:2-6)

**[2]ਅਤੇ ਬਾਲਾਕ ਸਿੱਪੋਰ ਦੇ ਪੁੱਤ੍ਰ ਨੇ ਸਭ ਕੁਝ ਵੇਖਿਆ ਜਿਹੜਾ ਇਸਰਾਏਲੀਆਂ ਨੇ ਅਮੋਰੀਆਂ ਨਾਲ ਕੀਤਾ। [3]ਅਤੇ ਮੋਆਬ ਉਸ ਪਰਜਾ ਦੇ ਅੱਗੋਂ ਡਾਢਾ ਡਰਿਆ ਕਿਉਂ ਜੋ ਉਹ ਬਹੁਤ ਸੀ ਸੋ ਮੋਆਬ ਇਸਰਾਏਲੀਆਂ ਦੇ ਕਾਰਨ ਅੱਤ ਬਿਆਕੁਲ ਹੋਇਆ। [4]ਤਾਂ ਮੋਆਬ ਨੇ ਮਿਦਯਾਨ ਦੇ ਬਜ਼ੁਰਗਾਂ ਨੂੰ ਆਖਿਆ ਕਿ ਹੁਣ ਇਹ ਦਲ ਸਾਡੇ ਆਲੇ ਦੁਆਲੇ ਦਾ ਸਭ ਕੁਝ ਚੱਟ ਜਾਵੇਗਾ ਜਿਵੇਂ ਬਲਦ ਖੇਤ ਦਾ ਘਾਹ ਚੱਟ ਜਾਂਦਾ ਹੈ। ਸਿੱਪੋਰ ਦਾ ਪੁੱਤ੍ਰ ਬਾਲਾਕ ਉਸ ਸਮੇਂ ਮੋਆਬ ਦਾ ਰਾਜਾ ਸੀ।**

**[5]ਉਪਰੰਤ ਉਹ ਨੇ ਹਲਕਾਰੇ ਬਓਰ ਦੇ ਪੁੱਤ੍ਰ ਬਿਲਆਮ ਕੋਲ ਪਥੋਰ ਨੂੰ ਜਿਹੜਾ ਵੱਡੇ ਦਰਿਆ ਉੱਤੇ ਹੈ ਆਪਣੀ ਉੱਮਤ ਦੀ ਅੰਸ ਦੇ ਦੇਸ ਵਿੱਚ ਘੱਲੇ ਕਿ ਉਹ ਉਸ ਨੂੰ ਏਹ ਆਖ ਕੇ ਸੱਦੇ ਕਿ ਵੇਖੋ, ਇੱਕ ਉੱਮਤ ਮਿਸਰ ਤੋਂ ਨਿੱਕਲੀ ਹੈ ਅਤੇ ਵੇਖੋ, ਓਹ ਧਰਤੀ ਦੀ ਪਰਤ ਨੂੰ ਢੱਕ ਲੈਂਦੇ ਹਨ ਅਤੇ ਓਹ ਮੇਰੇ ਸਾਹਮਣੇ ਆ ਵੱਸੇ ਹਨ। [6]ਹੁਣ ਤੂੰ ਆਣ ਕੇ ਏਸ ਉੱਮਤ ਨੂੰ ਮੇਰੇ ਲਈ ਸਰਾਪ ਦੇਵੀਂ ਕਿਉਂ ਜੋ ਓਹ ਮੇਰੇ ਨਾਲੋਂ ਅੱਤ ਬਲਵੰਤ ਹਨ। ਸ਼ਾਇਤ ਮੈਂ ਫਤਹ ਪਾਵਾਂ ਅਤੇ ਅਸੀਂ ਉਨ੍ਹਾਂ ਨੂੰ ਐਉਂ ਮਾਰੀਏ ਭਈ ਮੈਂ ਉਨ੍ਹਾਂ ਨੂੰ ਆਪਣੇ ਦੇਸ ਤੋਂ ਕੱਢ ਦਿਆਂ ਕਿਉਂ ਜੋ ਮੈਂ ਜਾਣਦਾ ਹਾਂ ਕਿ ਜਿਹ ਨੂੰ ਤੂੰ ਬਰਕਤ ਦੇਵੇਂ ਉਹ ਮੁਬਾਰਕ ਹੈ ਅਤੇ ਜਿਸ ਨੂੰ ਤੂੰ ਸਰਾਪ ਦੇਵੇਂ ਉਹ ਸਰਾਪੀ ਹੈ।**

**ਆਇਤਾਂ 2-4.** ਜਦੋਂ ਵਿਰਤਾਂਤ ਖੁੱਲ੍ਹਦਾ ਹੈ, ਪਾਠਕ ਦੀ ਜਾਣ-ਪਛਾਣ **ਬਾਲਾਕ ਸਿੱਪੋਰ ਦੇ ਪੁੱਤ੍ਰ** ਅਤੇ **ਮੋਆਬ ਦੇ ਰਾਜਾ** ਨਾਲ ਕਰਾਈ ਜਾਂਦੀ ਹੈ। ਇਹ ਉਹ ਮਨੁੱਖ ਸੀ ਜਿਹੜਾ ਉਸ ਇਸਰਾਏਲੀ ਭੀੜ ਤੋਂ **ਡਾਢਾ ਡਰਿਆ** ਜਿਸ ਨੇ ਉਸ ਦੇ ਦਰਵਾਜ਼ੇ ਉੱਤੇ, "ਮੋਆਬ ਦੇ ਮੈਦਾਨ ਵਿੱਚ ਯਰਦਨ ਦੇ ਪਾਰ ਯਰੀਹੋ ਕੋਲ" ਡੇਰੇ ਲਾਏ ਸਨ (22:1)। ਅਸਲ ਵਿਚ, ਮੋਆਬ ਨੂੰ ਇਸਰਾਏਲੀਆਂ ਤੋਂ ਕੋਈ ਜ਼ਿਆਦਾ ਡਰਨ ਦੀ ਲੋੜ ਨਹੀਂ ਸੀ। ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਮੋਆਬ ਨੂੰ "ਸਤਾਉਣ" ਜਾਂ "ਲੜਾਈ ਦੀ ਛੇੜ ਛਾੜ ਕਰਨ" ਤੋਂ ਮਨ੍ਹਾ ਕੀਤਾ ਸੀ (ਬਿਵਸਥਾ ਸਾਰ 2:8, 9), ਕਿਉਂਕਿ ਮੋਆਬੀ ਲੂਤ ਦੀ ਅੰਸ ਸਨ ਅਤੇ ਇਸਰਾਏਲੀਆਂ ਦੇ ਰਿਸ਼ਤੇਦਾਰ ਸਨ (ਉਤਪਤ 19:36, 37)।

ਮੋਆਬੀ, ਪਰਮੇਸ਼ੁਰ ਦੀ ਮਨਾਹੀ ਤੋਂ ਅਣਜਾਣ, ਇਸਰਾਏਲ ਦੀਆਂ ਹਾਲ ਦੀਆਂ ਜਿੱਤਾਂ ਦੇ ਕਾਰਣ ਡਰੇ ਹੋਏ ਸਨ। ਨਾ ਸਿਰਫ ਪਰਮੇਸ਼ੁਰ ਦੀ ਪਰਜਾ ਨੇ ਉਨ੍ਹਾਂ **ਅਮੋਰੀਆਂ** ਨੂੰ ਹਰਾਇਆ ਸੀ, ਜਿਨ੍ਹਾਂ ਨੇ ਪਹਿਲਾਂ ਮੋਆਬੀਆਂ ਕੋਲੋਂ ਦੇਸ ਨੂੰ ਲੈ ਲਿਆ ਸੀ (21:27-29), ਪਰ ਉਹ ਗਿਣਤੀ ਵਿਚ ਵੀ **ਬਹੁਤ** ਸਨ। ਮੋਆਬੀ ਇਸਰਾਏਲ ਦਾ ਸਾਹਮਣਾ ਕਰਨ ਵਿਚ **ਅੱਤ ਬਿਆਕੁਲ** ਸਨ। ਉਹ ਇਹ ਉਮੀਦ ਕਰ ਰਹੇ ਸਨ ਕਿ **ਇਹ ਦਲ** ਉਨ੍ਹਾਂ ਦੇ ਆਲੇ ਦੁਆਲੇ ਦਾ ਸਭ ਕੁਝ **ਚੱਟ** ਜਾਵੇਗਾ, **ਜਿਵੇਂ ਬਲਦ ਖੇਤ ਦਾ ਘਾਹ ਚੱਟ ਜਾਂਦਾ ਹੈ**। ਇਹ ਸੰਭਵ ਤੌਰ ਤੇ "ਇਕ ਅਖੌਤੀ ਦ੍ਰਿਸ਼ਟਾਂਤ ਹੈ ਜੋ ਖਾਸ ਤੌਰ ਤੇ ਅਯਾਲੀ ਲੋਕਾਂ ਦੇ ਲਈ ਢੁੱਕਵਾਂ ਹੈ।"[6]

ਮੋਆਬੀਆਂ ਨੇ ਇਸਰਾਏਲ ਬਾਰੇ ਆਪਣੀਆਂ ਚਿੰਤਾਵਾਂ **ਮਿਦਯਾਨ ਦੇ ਬਜ਼ੁਰਗਾਂ** ਦੇ ਅੱਗੇ ਜ਼ਾਹਿਰ ਕੀਤੀਆਂ। ਮਿਦਯਾਨੀ ਟੱਪਰਵਾਸੀ ਕਬੀਲੇ ਦੇ ਲੋਕ ਸਨ ਜਿਹੜੇ ਇਸ ਪੂਰੇ ਇਲਾਕੇ ਵਿਚ ਵਪਾਰ ਕਰਦੇ ਸਨ।[7] ਉਹ ਅਬਰਾਹਾਮ ਦੇ ਵੰਸ਼ ਸਨ (ਉਤਪਤ 25:2) ਅਤੇ "ਕਨਾਨ ਦੇ ਦੱਖਣੀ ਅਤੇ ਪੂਰਬੀ ਇਲਾਕਿਆਂ ਵਿਚ ਫੈਲੇ ਹੋਏ ਸਨ (ਤੁਲਨਾ ਕਰੋ, ਉਤਪਤ 36:35; ਕੂਚ 2:15)।"[8] ਇਨ੍ਹਾਂ ਦੀ ਅਗਵਾਈ "ਬਜ਼ੁਰਗਾਂ" ਦੁਆਰਾ ਕੀਤੀ ਗਈ ਸੀ ਜਿਨ੍ਹਾਂ ਨੂੰ ਗਿਣਤੀ 31:8 ਵਿਚ "ਰਾਜਿਆਂ" ਕਿਹਾ ਗਿਆ ਹੈ। ਸਪੱਸ਼ਟ ਤੌਰ ਤੇ, ਮਿਦਯਾਨੀਆਂ ਵਿੱਚੋਂ ਕੁਝ ਮੋਆਬ ਵਿਚ ਟਿਕ ਗਏ ਸਨ ਅਤੇ ਆਪਣੇ ਆਪ ਨੂੰ ਮੋਆਬੀਆਂ ਨਾਲ ਜੋੜ ਲਿਆ ਸੀ। ਬਿਲਆਮ ਅਤੇ ਬਾਲਾਕ ਦੀ ਕਹਾਣੀ ਵਿਚ ਲੋਕਾਂ ਦੇ ਦੋ ਸਮੂਹ ਅਸਲ ਵਿਚ ਸਮਾਨਾਰਥੀ ਹਨ। ਇਸਰਾਏਲੀ ਮਰਦ "ਮੋਆਬ ਦੀਆਂ ਕੁੜੀਆਂ ਨਾਲ ਜ਼ਨਾਹ ਕਰਨ ਲੱਗ ਪਏ" (25:1)। ਮਿਦਯਾਨੀ ਔਰਤਾਂ ਅਤੇ ਇਸਰਾਏਲੀ ਮਰਦਾਂ ਵਿਚਕਾਰ ਉਹ ਪਾਪ ਜ਼ਨਾਹ ਦੇ ਕੰਮ ਦਾ ਪ੍ਰਤੀਕ ਸੀ (25:6)। ਅਧਿਆਇ 25 ਵਿਚ ਜਿਸ ਪਾਪ ਦਾ ਵਰਣਨ ਕੀਤਾ ਗਿਆ ਹੈ ਉਸ ਦੇ ਕਾਰਣ 31:1, 2 ਵਿਚ, ਮੂਸਾ ਨੂੰ ਮਿਦਯਾਨੀਆਂ ਨੂੰ ਨਾਸ ਕਰਨ ਦੇ ਲਈ ਕਿਹਾ ਗਿਆ ਸੀ।

**ਆਇਤਾਂ 5, 6.** ਕਿਉਂਕਿ ਬਾਲਾਕ ਇਸਰਾਏਲ ਦੀਆਂ ਤਾਕਤਾਂ ਨਾਲ ਕੋਈ ਮੁਕਾਬਲਾ ਨਹੀਂ ਸੀ ਕਰ ਸਕਦਾ, ਸੋਚੀ ਸਮਝੀ ਧਮਕੀ ਦੇ ਪ੍ਰਤੀ ਉਸ ਦੀ ਪ੍ਰਤਿਕਿਰਿਆ **ਬਓਰ ਦੇ ਪੁੱਤ੍ਰ ਬਿਲਆਮ** ਨੂੰ ਸੱਦਣ ਦੇ ਲਈ ਘੱਲਣਾ ਸੀ। ਬਿਲਆਮ **ਦਰਿਆ ਨੇੜੇ ... ਪਥੋਰ** ਵਿਚ ਰਹਿੰਦਾ ਸੀ, ਫ਼ਰਾਤ ਦਾ

ਇਕ ਸੰਦਰਭ। ਦੂਜੇ ਸ਼ਬਦਾਂ ਵਿਚ, ਬਿਲਆਮ ਕਿਤੇ ਨਾ ਕਿਤੇ ਮਸੋਪੋਤਾਮੀਆ ਵਿਚ ਰਹਿੰਦਾ ਸੀ। ਅਗਲੇ ਅਧਿਆਇ ਵਿਚ, ਬਿਲਆਮ ਨੇ ਆਖਿਆ ਸੀ ਕਿ ਉਹ "ਅਰਾਮ" (ਸੀਰਿਯਾ) ਅਤੇ "ਪੂਰਬ ਦੇ ਪਹਾੜ ਤੋਂ" (23:7) ਆਇਆ ਸੀ। ਬਿਵਸਥਾ ਸਾਰ 23:4 ਵਿਚ ਆਖਦੀ ਹੈ ਕਿ ਉਹ "ਮਸੋਪੋਤਾਮੀਆ ਦੇ ਫ਼ਤੋਰ" ਤੋਂ ਸੀ। "ਫ਼ਤੋਰ" ਸ਼ਾਇਦ ਪਿਟਰੂ ਦਾ ਹਵਾਲਾ ਹੈ, ਜਿਹੜਾ ਕਿ ਕਰਕਮਿਸ਼ ਦੇ ਦੱਖਣ ਵਿਚ ਤੇਰ੍ਹਾਂ ਮੀਲ ਤੇ ਸਥਿਤ ਸੀ।[9] ਪਥੋਰ ਅਤੇ ਮੋਆਬ ਦੇ ਮਦਾਨ ਵਿਚਕਾਰ ਜੋ ਦੂਰੀ ਸੀ ਉਹ 370 ਮੀਲਾਂ ਤੋਂ ਉੱਪਰ ਸੀ। ਇਸ ਲਈ, ਇਸ ਸਫ਼ਰ ਨੂੰ 20 ਤੋਂ 25 ਦਿਨ ਲੱਗ ਗਏ ਹੋਣਗੇ। ਕਹਾਣੀ ਵਿਚ ਚਾਰ ਸਫ਼ਰ ਲਗਭਗ 90 ਦਿਨਾਂ ਦੇ ਸਨ।[10]

ਬਾਲਾਕ ਚਾਹੁੰਦਾ ਸੀ ਕਿ ਬਿਲਆਮ ਮੋਆਬ ਨੂੰ ਆਵੇ ਅਤੇ ਇਸਰਾਏਲੀਆਂ ਨੂੰ **ਸਰਾਪ ਦੇਵੇ**, ਜਿਸ ਦਾ ਉਸ ਨੇ **ਧਰਤੀ ਦੀ ਪਰਤ ਨੂੰ ਢੱਕ ਲੈਣ** ਵਜੋਂ ਵਰਣਨ ਕੀਤਾ ਸੀ। ਇਹ ਲੋਕ ਜਿਹੜੇ ਮੋਆਬੀਆਂ ਦੇ **ਸਾਹਮਣੇ ਆ ਵੱਸੇ** ਸਨ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਨੇ ਉਨ੍ਹਾਂ ਨੂੰ ਅਤੇ ਮਿਦਯਾਨੀਆਂ ਨੂੰ ਧਮਕੀ ਦਿੱਤੀ ਸੀ ਜਿਹੜੇ ਉਨ੍ਹਾਂ ਦੇ ਵਿਚ ਰਹਿੰਦੇ ਸਨ। ਜੇਕਰ ਬਿਲਆਮ **ਏਸ ਉੱਮਤ** ਨੂੰ ਸਰਾਪ ਦਿੰਦਾ, ਤਾਂ ਰਾਜੇ ਨੇ ਸੋਚਣਾ ਸੀ ਕਿ ਉਸ ਦੇ ਲਈ **ਉਨ੍ਹਾਂ ਉੱਤੇ ਫਤਹ ਪਾਉਣਾ ਅਤੇ ਉਨ੍ਹਾਂ ਨੂੰ ਆਪਣੇ ਦੇਸ ਵਿੱਚੋਂ ਬਾਹਰ ਕੱਢਣਾ** ਸੰਭਵ ਹੋ ਸਕਦਾ ਸੀ। ਉਨ੍ਹਾਂ ਨੇ ਬਿਲਆਮ ਨੂੰ ਬੁਲਵਾ ਭੇਜਿਆ ਕਿਉਂਕਿ ਉਸ ਦਾ ਮੰਨਣਾ ਸੀ ਕਿ ਬਿਲਆਮ ਦੇ ਸਰਾਪ ਅਸਰਦਾਰ ਸਨ। ਬਿਲਆਮ ਨੂੰ ਉਸ ਦਾ ਸੁਨੇਹਾ ਇਹ ਸੀ: **ਮੈਂ ਜਾਣਦਾ ਹਾਂ ਕਿ ਜਿਹ ਨੂੰ ਤੂੰ ਬਰਕਤ ਦੇਵੇਂ ਉਹ ਮੁਬਾਰਕ ਹੈ ਅਤੇ ਜਿਹ ਨੂੰ ਤੂੰ ਸਰਾਪ ਦੇਵੇਂ ਉਹ ਸਰਾਪੀ ਹੈ।** ਉਨ੍ਹਾਂ ਦਿਨਾਂ ਵਿਚ, ਫ਼ਾਲ ਪਾਉਣ ਵਾਲੇ ਦੇ ਸ਼ਬਦਾਂ ਨੂੰ ਬਹੁਤ ਹੀ ਸ਼ਕਤੀਸ਼ਾਲੀ ਸਮਝਿਆ ਜਾਂਦਾ ਸੀ। ਜਦੋਂ ਇਹ ਵਿਅਕਤੀ ਬੋਲਦਾ ਸੀ, ਉਹ ਜੋ ਕਹਿੰਦਾ ਸੀ ਉਸ ਨੂੰ ਇਹ ਸਮਝਿਆ ਜਾਂਦਾ ਸੀ ਕਿ ਉਹ ਪੂਰਾ ਹੋ ਗਿਆ ਹੈ। ਇਹੋ ਜਿਹੀ ਸਮਝ ਦੇ ਕਾਰਣ ਪਰਮੇਸ਼ੁਰ ਦੇ ਨਬੀਆਂ ਤੇ ਦੋਸ਼ ਲਗਾਇਆ ਜਾਂਦਾ ਸੀ ਜਦੋਂ ਉਨ੍ਹਾਂ ਦੀ ਨਬੂਵਤ ਪੂਰੀ ਹੋ ਜਾਂਦੀ ਸੀ; ਲੋਕ ਨਾ ਸਿਰਫ ਨਬੀ ਨੂੰ ਭਵਿੱਖ ਦੇ ਬਾਰੇ ਨਬੂਵਤ ਕਰਨ ਵਾਲਾ ਸਮਝਦੇ ਸਨ, ਪਰ ਜੋ ਕੁਝ ਹੁੰਦਾ ਸੀ ਉਸ ਦਾ ਕਾਰਣ ਵੀ ਸਮਝਦੇ ਸਨ।

ਫਿਰ, ਕਹਾਣੀ ਵਿਚ ਦੂਜਾ ਵਿਅਕਤੀ ਬਿਲਆਮ ਹੈ। ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਉਹ ਇਕ ਗੈਰ-ਇਸਰਾਏਲੀ ਸੀ, ਪਰ ਉਸ ਦੀ ਭੂਮਿਕਾ ਜ਼ਿਆਦਾ ਗੁੰਝਲਦਾਰ ਹੈ। ਕੀ ਉਹ ਇਕ ਗੈਰ-ਯਹੂਦੀ ਫ਼ਾਲ ਪਾਉਣ ਵਾਲਾ ਸੀ ਜਾਂ ਪਰਮੇਸ਼ੁਰ ਦਾ ਇਕ ਨਬੀ ਸੀ? ਬਾਈਬਲ ਦੱਸਦੀ ਹੈ ਕਿ ਬਿਲਆਮ "ਫ਼ਾਲ ਪਾਉਣ ਵਾਲਾ" ਸੀ (ਯਹੋਸ਼ੁਆ 13:22)। ਨਿਸ਼ਚਤ ਤੌਰ ਤੇ, ਬਿਲਆਮ ਦਾ ਰੁਤਬਾ ਇਹੋ ਜਿਹਾ ਸੀ ਕਿ ਉਹ "ਬਰਕਤ ਦੇਣ" ਅਤੇ "ਸਰਾਪ ਦੇਣ" ਦੇ ਕੰਮਾਂ ਵਿਚ ਪ੍ਰਭਾਵਸ਼ਾਲੀ ਸੀ ਜੋ ਵਿਸ਼ੇਸ਼ ਰੂਪ ਵਿਚ ਫ਼ਾਲ ਪਾਉਣ ਦੇ ਹੁੰਦੇ ਸਨ। ਕਿਉਂਕਿ ਬਾਲਾਕ ਨੇ ਆਪਣੇ ਹਲਕਾਰਿਆਂ ਦੇ ਹੱਥ "ਫਾਲ ਪਾਉਣ ਦਾ ਇਨਾਮ" ਘੱਲਿਆ ਸੀ (22:7), ਇਹ ਸਪੱਸ਼ਟ ਹੈ ਕਿ ਬਿਲਆਮ ਨੂੰ ਫਾਲ ਪਾਉਣ ਵਾਲਾ ਸਮਝਿਆ ਗਿਆ ਸੀ। ਇਸ ਤੋਂ ਇਲਾਵਾ, 24:1 ਆਖਦੀ ਹੈ ਕਿ ਬਿਲਆਮ ਉਸ ਸਮੇਂ "ਜਿਵੇਂ ਪਹਿਲਾਂ ਕਦੇ ਕਦਾਈਂ ਜਾਂਦਾ ਸੀ ਉਹ ਹੁਣ ਜਾਦੂਗਰਾਂ ਨਾਲ ਮਿਲਣ ਲਈ ਨਾ ਗਿਆ।" ਇਹ ਇਸ ਗੱਲ ਵੱਲ ਸੰਕੇਤ ਕਰਦਾ ਸੀ ਕਿ ਉਸ ਨੇ ਪਹਿਲਾਂ ਪਰਮੇਸ਼ੁਰ ਦੀ ਇੱਛਾ ਨੂੰ ਜਾਣਨ ਦੇ ਲਈ ਜਾਦੂਗਰਾਂ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕੀਤੀ ਸੀ - ਜੋ ਕਿ ਇਕ ਅਜਿਹਾ ਕੰਮ ਹੈ ਜਿਹੜਾ ਕਿ ਇਕ ਗੈਰ-ਯਹੂਦੀ ਫਾਲ ਪਾਉਣ ਵਾਲਾ ਕਰਦਾ ਸੀ। ਪਰ, ਕਿਉਂਕਿ ਮੂਸਾ ਦੀ ਸ਼ਰਾ ਦੁਆਰਾ ਫਾਲ ਪਾਉਣ ਦੀ ਨਿੰਦਾ ਕੀਤੀ ਗਈ ਸੀ (ਲੇਵੀਆਂ 19:26, 31; ਬਿਵਸਥਾ ਸਾਰ 18:9-14), ਪਰਮੇਸ਼ੁਰ ਨੇ ਇਸਰਾਏਲ ਨੂੰ ਬਰਕਤ ਦੇਣ ਦੇ ਲਈ ਫਾਲ ਪਾਉਣ ਵਾਲੇ ਨੂੰ ਕਿਉਂ ਇਸਤੇਮਾਲ ਕਰਨਾ ਸੀ?

ਇਸ ਤੇ ਉਲਟ, ਗਿਣਤੀ 22-24 ਬਿਲਆਮ ਨੂੰ ਯਹੋਵਾਹ ਵਿਚ ਇਕ ਵਿਸ਼ਵਾਸੀ ਅਤੇ

ਯਹੋਵਾਹ ਦੇ ਲਈ ਬੁਲਾਰੇ ਦੇ ਰੂਪ ਵਿਚ ਦਰਸਾਉਂਦੇ ਪ੍ਰਤੀਤ ਹੁੰਦੇ ਹਨ। ਉਸ ਨੇ ਪਰਮੇਸ਼ੁਰ ਨੂੰ "ਯਹੋਵਾਹ" ("ਯਾਹਵੇਹ") ਕਹਿ ਕੇ ਬੁਲਾਇਆ ਜੋ ਕਿ ਪਰਮੇਸ਼ੁਰ ਦਾ ਨਿੱਜੀ ਨਾਮ ਹੈ (22:8, 13, 19) ਅਤੇ ਸਗੋਂ ਉਸ ਨੂੰ "ਯਹੋਵਾਹ ਮੇਰਾ ਪਰਮੇਸ਼ੁਰ" ਵੀ ਬੋਲਿਆ (22:18)। ਉਸ ਨੇ ਐਲਾਨ ਕੀਤਾ ਸੀ ਕਿ ਉਹ ਉਹੀ ਬੋਲੇਗਾ ਜੋ "ਪਰਮੇਸ਼ੁਰ" (ਯਹੋਵਾਹ ਦਾ ਹਵਾਲਾ ਦਿੰਦਿਆਂ) ਉਸ ਦੇ ਮੂੰਹ ਵਿਚ ਪਾਵੇਗਾ (22:38)। ਜਦ ਕਿ ਗਿਣਤੀ ਦੀ ਪੁਸਤਕ ਬਿਲਆਮ ਨੂੰ ਇਕ ਨਬੀ ਦੇ ਰੂਪ ਵਿਚ ਨਹੀਂ ਪਛਾਣਦੀ, ਨਵਾਂ ਨੇਮ ਜ਼ਰੂਰ ਪਛਾਣਦਾ ਹੈ (2 ਪਤਰਸ 2:15, 16) ਅਤੇ ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਉਸ ਨੇ ਇਸ ਸਥਿਤੀ ਵਿਚ, ਪਰਮੇਸ਼ੁਰ ਦੇ ਵਚਨ ਨੂੰ ਬੋਲਦਿਆਂ ਇਕ ਨਬੀ ਦੇ ਰੂਪ ਵਿਚ ਕੰਮ ਕੀਤਾ ਸੀ।

ਫਿਰ ਬਿਲਆਮ ਕੌਣ ਸੀ? ਜਦ ਕਿ ਇਹ ਸੰਭਵ ਹੈ ਕਿ ਬਿਲਆਮ, ਮਲਕੀ-ਸਿਦਕ ਦੇ ਵਾਂਗ, ਸੱਚੇ ਪਰਮੇਸ਼ੁਰ ਦਾ ਵਿਸ਼ਵਾਸੀ ਸੀ, ਹਾਲਾਂਕਿ ਉਹ ਇਸਰਾਏਲੀ ਨਹੀਂ ਸੀ, ਇਹ ਸੰਭਵ ਹੈ ਕਿ ਉਸ ਨੂੰ ਇਕ ਸ਼ਕਤੀਸ਼ਾਲੀ ਫਾਲ ਪਾਉਣ ਵਾਲਾ ਸਮਝਿਆ ਗਿਆ ਸੀ ਜਿਹੜਾ ਉਸ ਦੇ ਗਾਹਕਾਂ ਦੇ ਦੇਵਤੇ ਦੇ ਨਾਮ ਵਿਚ ਬੋਲ ਸਕਦਾ ਸੀ ਅਤੇ ਬੋਲਿਆ ਵੀ। ਮਲਕੀ-ਸਿਦਕ (ਉਤਪਤ 14:18-20) ਇਸ ਗੱਲ ਦਾ ਸਬੂਤ ਦਿੰਦਾ ਹੈ ਕਿ ਜਦ ਕਿ ਜ਼ਿਆਦਾਤਰ ਮਨੁੱਖਜਾਤੀ ਪਰਮੇਸ਼ੁਰ ਵਿਚ ਨਿਹਚਾ ਤੋਂ ਡਿੱਗ ਗਈ ਸੀ (ਵੇਖੋ ਰੋਮੀਆਂ 1:20-23), ਅਬਰਾਹਾਮ ਦੇ ਪਰਿਵਾਰ ਤੋਂ ਇਲਾਵਾ ਕੁਝ ਵਿਅਕਤੀਆਂ ਨੇ ਯਾਹਵੇਹ ਵਿਚ ਪਰਤੀਤ ਕਰਨਾ ਜਾਰੀ ਰੱਖਿਆ। ਸ਼ਾਇਦ, ਬਿਲਆਮ "ਨਫ਼ਾ ਕਮਾਉਣ ਵਾਲਾ ਨਬੀ"[11] ਸੀ - ਇਕ ਫਾਲ ਪਾਉਣ ਵਾਲਾ ਜਿਹੜਾ ਕਿਸੇ ਵੀ ਦੇਵਤਾ ਦੇ ਨਾਮ ਵਿਚ ਬਰਕਤ ਦੇਣ ਜਾਂ ਸਰਾਪ ਦੇਣ ਤੇ ਲਈ ਤਿਆਰ ਸੀ, ਜੇਕਰ ਮੁੱਲ ਸਹੀ ਹੁੰਦਾ ਸੀ।[12] ਇਸ ਤਰ੍ਹਾਂ, ਉਹ ਸੰਭਵ ਤੌਰ ਤੇ ਇਸਰਾਏਲ ਦੇ ਪਰਮੇਸ਼ੁਰ ਦੇ ਨਾਮ ਤੋਂ ਜਾਣੂ ਹੋਵੇਗਾ ਅਤੇ ਕਿਉਂਕਿ ਉਹ ਬਾਲਾਕ ਦੀ ਸਮੱਸਿਆ ਵਿਚ ਸ਼ਾਮਲ ਦੇਵਤਾ ਸੀ, ਬਿਲਆਮ ਨੂੰ ਬਾਲਾਕ ਨਾਲ ਉਸ ਦੀਆਂ ਸੌਦੇਬਾਜੀਆਂ ਵਿਚ ਪਰਮੇਸ਼ੁਰ ਦਾ ਨਾਮ ਕਹਿ ਕੇ ਬੁਲਾਇਆ ਗਿਆ ਹੋਵੇਗਾ। ਕਹਾਣੀ ਵਿਚ, ਬਾਲਾਕ ਦੇ ਵੀ "ਯਹੋਵਾਹ" ਨਾਮ ਦੀ ਵਰਤੋਂ ਕਰਦਿਆਂ ਇਸਰਾਏਲ ਦੇ ਪਰਮੇਸ਼ੁਰ ਦਾ ਹਵਾਲਾ ਦਿੱਤਾ ਗਿਆ ਸੀ (23:17; 24:11)। ਬਹੁ-ਵਿਸ਼ਵਾਸੀ ਹੋਣ ਦੇ ਨਾਤੇ, ਉਸ ਨੇ ਯਹੋਵਾਹ ਵਿਚ ਇਸਰਾਏਲ ਦੇ ਪਰਮੇਸ਼ੁਰ ਵਜੋਂ ਵਿਸ਼ਵਾਸ ਕੀਤਾ ਹੋਵੇਗਾ, ਹਾਲਾਂਕਿ ਉਹ ਇਸਰਾਏਲ ਦੇ ਇਸ ਵਿਸ਼ਵਾਸ ਵਿਚ ਸਾਂਝੀ ਨਹੀਂ ਸੀ ਕਿ ਯਹੋਵਾਹ ਇਕਮਾਤਰ ਪਰਮੇਸ਼ੁਰ ਸੀ।

ਪੁਰਾਣੇ ਨੇਮ ਵਿਚ, ਗੈਰ-ਯਹੂਦੀ ਜਿਨ੍ਹਾਂ ਨੇ ਯਹੋਵਾਹ ਦਾ ਸਾਹਮਣਾ ਕੀਤਾ ਸੀ ਅਕਸਰ ਉਸ ਦੀ ਤਾਰੀਫ ਕਰਨ ਦੁਆਰਾ ਉਸ ਦੀ ਸ਼ਕਤੀ ਨੂੰ ਮੰਨਿਆ ਸੀ, ਕਈ ਵਾਰ ਉਸ ਦੇ ਬਾਰੇ ਇਸ ਤਰ੍ਹਾਂ ਬੋਲਦਿਆਂ ਜਿਵੇਂ ਕਿ ਉਹ ਉਸ ਤੇ ਇਕਮਾਤਰ ਪਰਮੇਸ਼ੁਰ ਹੋਣ ਦਾ ਵਿਸ਼ਵਾਸ ਕਰਦੇ ਸਨ। ਅਜਿਹੀਆਂ ਤਾਰੀਫਾਂ ਨੂੰ ਇਕ ਦੇਵਤਾ ਦੇ ਬਾਰੇ ਬੋਲਣ ਦੇ ਰਵਾਇਤੀ ਤਰੀਕੇ ਵਜੋਂ ਸਮਝਣ ਦੀ ਲੋੜ ਹੈ (1) ਜਿਸ ਦੀ ਹਜ਼ੂਰੀ ਵਿਚ ਇਕ ਵਿਅਕਤੀ ਨੇ ਆਪਣੇ ਆਪ ਨੂੰ ਪਾਇਆ ਸੀ ਜਾਂ (2) ਜਿਸ ਨੇ ਖੁਦ ਨੂੰ ਖਾਸ ਕਰਕੇ ਸ਼ਕਤੀਸ਼ਾਲੀ ਵਿਖਾਇਆ ਸੀ। ਦੂਜੇ ਸ਼ਬਦਾਂ ਵਿਚ, ਕਿਸੇ ਵੀ ਦੇਵਤੇ ਦੀ ਹਜ਼ੂਰੀ ਵਿਚ ਨਿਮਰਤਾ ਵਾਲੀ ਗੱਲ ਕਰਨਾ ਉਸ ਦੇ ਬਾਰੇ ਇਸ ਤਰ੍ਹਾਂ ਬੋਲਣਾ ਸੀ ਜਿਵੇਂ ਕਿ ਉਹ ਇਕਮਾਤਰ ਦੇਵਤਾ ਹੋਵੇ। ਤਾਰੀਫ ਦੀਆਂ ਅਜਿਹੀਆਂ ਸ਼ਬਦਾਵਲੀਆਂ ਨੂੰ ਉਸ ਨਿਹਚਾ ਦੇ ਲਈ ਇਕ ਅਸਲੀ ਪਰਿਵਰਤਨ ਦੇ ਸੰਕੇਤ ਦੇ ਰੂਪ ਵਿਚ ਨਹੀਂ ਸਮਝਿਆ ਜਾਣਾ ਚਾਹੀਦਾ ਜਿਸ ਦੀ ਇਸਰਾਏਲ ਕੋਲੋਂ ਮੰਗ ਕੀਤੀ ਗਈ ਸੀ।

ਪਰਮੇਸ਼ੁਰ ਕਿਉਂ ਇਹੋ ਜਿਹੇ ਹਲਕਾਰੇ ਜਾਂ ਸੰਦੇਸ਼ਵਾਹਕ ਦੇ ਰਾਹੀਂ ਆਪਣੀ ਇੱਛਾ ਨੂੰ ਪਰਗਟ ਕਰੇਗਾ? ਇਹ ਕਿ ਪਰਮੇਸ਼ੁਰ ਨੇ ਉੱਥੇ ਆਪਣੀ ਪਰਜਾ ਨੂੰ ਬਰਕਤ ਦੇਣ ਦੇ ਲਈ ਬਿਲਆਮ ਨੂੰ ਬੁਲਾਰੇ ਦੇ ਰੂਪ ਵਿਚ ਇਸਤੇਮਾਲ ਕੀਤਾ ਇਸ ਗੱਲ ਤੇ ਕੋਈ ਸੰਦੇਹ ਨਹੀਂ ਹੋ ਸਕਦਾ। ਇਹ ਕਹਾਣੀ

ਇਸ ਗੱਲ ਦਾ ਉਦਾਹਰਣ ਦਿੰਦੀ ਹੈ ਕਿ ਜੇਕਰ ਪਰਮੇਸ਼ੁਰ ਆਪਣੀ ਇੱਛਾ ਨੂੰ ਪੂਰਾ ਕਰਨ ਦੇ ਲਈ ਇਕ ਗਧੀ ਨੂੰ ਇਸਤੇਮਾਲ ਕਰ ਸਕਦਾ ਸੀ, ਤਾਂ ਉਹ ਨਿਸ਼ਚਤ ਤੌਰ ਤੇ ਇਕ ਗੈਰ-ਯਹੂਦੀ ਫ਼ਾਲ ਪਾਉਣ ਵਾਲੇ ਨੂੰ ਇਸਤੇਮਾਲ ਕਰ ਸਕਦਾ ਸੀ। ਇਸ ਤੋਂ ਇਲਾਵਾ, ਅਜਿਹੇ ਪ੍ਰਸਿੱਧ ਨਬੀ ਦੁਆਰਾ ਜਿਨ੍ਹਾਂ ਬਰਕਤਾਂ ਦੀ ਘੋਸ਼ਣਾ ਕੀਤੀ ਗਈ ਸੀ ਉਹ ਉਨ੍ਹਾਂ ਬਰਕਤਾਂ ਨਾਲੋਂ ਜ਼ਿਆਦਾ ਪ੍ਰਭਾਵਸ਼ਾਲੀ ਹੋ ਸਕਦੀਆਂ ਹਨ ਜੋ ਯਾਕੂਬ ਦੀ ਅੰਸ ਦੇ ਮੂੰਹ ਵਿੱਚੋਂ ਨਿੱਕਲੀਆਂ ਸਨ।

## ਬਾਲਾਕ ਦੀ ਯੋਜਨਾ ਦੇ ਪ੍ਰਤੀ ਬਿਲਆਮ ਦੀ ਪ੍ਰਤੀਕਿਰਿਆ (22:7-35)

### ਬਿਲਆਮ ਦਾ ਜਾਣ ਦੇ ਲਈ ਝਿੱਜਕਣਾ (22:7-18)

**7ਤਾਂ ਮੋਆਬ ਦੇ ਬਜ਼ੁਰਗ ਅਰ ਮਿਦਯਾਨ ਦੇ ਬਜ਼ੁਰਗ ਚੱਲ ਪਏ ਅਤੇ ਉਨ੍ਹਾਂ ਦੇ ਹੱਥਾਂ ਵਿੱਚ ਫਾਲ ਪਾਉਣ ਦੇ ਇਨਾਮ ਸਨ ਅਤੇ ਓਹ ਬਿਲਆਮ ਕੋਲ ਆ ਕੇ ਉਹ ਨੂੰ ਬਾਲਾਕ ਦੀਆਂ ਗੱਲਾਂ ਬੋਲੇ। 8ਤਾਂ ਉਸ ਉਨ੍ਹਾਂ ਨੂੰ ਆਖਿਆ, ਤੁਸੀਂ ਐੱਥੇ ਰਾਤ ਟਿਕੋ ਅਤੇ ਜਿਵੇਂ ਯਹੋਵਾਹ ਮੈਨੂੰ ਬੋਲੇ ਮੈਂ ਤੁਹਾਡੇ ਕੋਲ ਮੁੜ ਖਬਰ ਲਿਆਵਾਂਗਾ। ਉਪਰੰਤ ਮੋਆਬ ਦੇ ਸਰਦਾਰ ਬਿਲਆਮ ਨਾਲ ਠਹਿਰੇ।**
**9ਪਰਮੇਸ਼ੁਰ ਨੇ ਬਿਲਆਮ ਕੋਲ ਆਣ ਕੇ ਆਖਿਆ ਕਿ ਏਹ ਮਨੁੱਖ ਤੇਰੇ ਨਾਲ ਕੌਣ ਹਨ? 10ਅੱਗੋਂ**
**ਬਿਲਆਮ ਨੇ ਪਰਮੇਸ਼ੁਰ ਨੂੰ ਆਖਿਆ, ਸਿੱਪੋਰ ਦੇ ਪੁੱਤ੍ਰ ਬਾਲਾਕ ਮੋਆਬ ਦੇ ਰਾਜੇ ਨੇ ਉਨ੍ਹਾਂ ਨੂੰ ਮੇਰੇ**
**ਕੋਲ ਏਹ ਆਖ ਕੇ ਘੱਲਿਆ 11ਕਿ ਵੇਖੋ, ਏਹ ਉੱਮਤ ਜਿਹੜੀ ਮਿਸਰ ਤੋਂ ਆ ਰਹੀ ਹੈ ਉਸ ਨੇ ਧਰਤੀ**
**ਦੀ ਪਰਤ ਨੂੰ ਢੱਕ ਲਿਆ ਹੈ। ਹੁਣ ਆ ਮੇਰੇ ਲਈ ਉਨ੍ਹਾਂ ਨੂੰ ਬਦ ਦੁਆ ਦੇਹ, ਸ਼ਾਇਤ ਮੈਂ ਉਨ੍ਹਾਂ**
**ਨਾਲ ਲੜ ਸੱਕਾਂ ਤਾਂ ਜੋ ਉਨ੍ਹਾਂ ਨੂੰ ਕੱਢ ਦਿਆਂ। 12ਪਰ ਪਰਮੇਸ਼ੁਰ ਨੇ ਬਿਲਆਮ ਨੂੰ ਆਖਿਆ, ਏਹਨਾਂ**
**ਨਾਲ ਨਾ ਜਾਈਂ ਨਾ ਇਸ ਪਰਜਾ ਨੂੰ ਸਰਾਪ ਦੇਈਂ ਕਿਉਂ ਜੋ ਓਹ ਮੁਬਾਰਕ ਹਨ। 13ਉਪਰੰਤ**
**ਬਿਲਆਮ ਨੇ ਸਵੇਰ ਨੂੰ ਉੱਠ ਕੇ ਬਾਲਾਕ ਦੇ ਸਰਦਾਰਾਂ ਨੂੰ ਆਖਿਆ, ਆਪਣੇ ਦੇਸ ਨੂੰ ਜਾਓ ਕਿਉਂ**
**ਜੋ ਯਹੋਵਾਹ ਨੇ ਮੈਨੂੰ ਤੁਹਾਡੇ ਨਾਲ ਜਾਣ ਤੋਂ ਵਰਜਿਆ ਹੈ। 14ਤਾਂ ਮੋਆਬ ਦੇ ਸਰਦਾਰ ਉੱਠ ਕੇ**
**ਬਾਲਾਕ ਕੋਲ ਆਏ ਅਤੇ ਉਨ੍ਹਾਂ ਨੇ ਆਖਿਆ, ਬਿਲਆਮ ਨੇ ਸਾਡੇ ਨਾਲ ਆਉਣ ਤੋਂ ਇਨਕਾਰ**
**ਕੀਤਾ। 15ਤਦ ਬਾਲਾਕ ਨੇ ਇੱਕ ਵਾਰ ਹੋਰ ਸਰਦਾਰ ਘੱਲੇ ਜਿਹੜੇ ਏਹਨਾਂ ਤੋਂ ਵਧੀਕ ਅਰ ਪਤਵੰਤੇ**
**ਸਨ। 16ਓਹ ਬਿਲਆਮ ਕੋਲ ਆਏ ਅਤੇ ਉਹ ਨੂੰ ਆਖਿਆ, ਸਿੱਪੋਰ ਦਾ ਪੁੱਤ੍ਰ ਬਾਲਾਕ ਐਉਂ ਆਖਦਾ**
**ਹੈ ਕਿ ਮੇਰੇ ਕੋਲ ਆਉਣ ਤੋਂ ਨਾ ਰੁਕੋ 17ਕਿਉਂ ਜੋ ਮੈਂ ਤੁਹਾਨੂੰ ਅੱਤ ਵੱਡੀ ਪਤ ਦਿਆਂਗਾ ਅਤੇ ਜੋ ਕੁਝ**
**ਤੁਸੀਂ ਮੈਨੂੰ ਆਖੋ ਮੈਂ ਕਰਾਂਗਾ ਪਰ ਆਓ, ਮੇਰੇ ਲਈ ਇਸ ਉੱਮਤ ਨੂੰ ਬਦ ਦੁਆ ਦਿਓ। 18ਅੱਗੋਂ**
**ਬਿਲਆਮ ਨੇ ਉੱਤਰ ਦੇ ਕੇ ਬਾਲਾਕ ਦੇ ਟਹਿਲੂਆਂ ਨੂੰ ਆਖਿਆ, ਜੇ ਬਾਲਾਕ ਮੈਨੂੰ ਆਪਣੇ ਘਰ ਭਰ ਦੀ ਚਾਂਦੀ ਅਰ ਸੋਨਾ ਵੀ ਦੇਵੇ ਤਾਂ ਵੀ ਮੈਂ ਯਹੋਵਾਹ ਆਪਣੇ ਪਰਮੇਸ਼ੁਰ ਦੇ ਹੁਕਮ ਦਾ ਉਲੰਘਣਾ ਨਹੀਂ ਕਰ ਸੱਕਦਾ ਹਾਂ ਕਿ ਮੈਂ ਘੱਟ ਯਾ ਵਧ ਕਰਾਂ।**

**ਆਇਤਾਂ 7, 8.** ਬਾਲਾਕ ਦੀ ਯੋਜਨਾ ਅਸਾਨੀ ਨਾਲ ਪੂਰੀ ਹੋ ਗਈ ਹੋਵੇਗੀ। ਉਸ ਨੂੰ ਸਿਰਫ ਇਹ ਕਰਨ ਦੀ ਲੋੜ ਸੀ ਕਿ ਉਹ ਬਿਲਆਮ ਨੂੰ ਬੁਲਾ ਘੱਲਦਾ, ਉਸ ਨੂੰ ਆਉਣ ਦਾ ਸੱਦਾ ਦਿੰਦਾ ਅਤੇ ਉਸ ਨੂੰ **ਫਾਲ ਪਾਉਣ** ਦਾ ਉਚਿਤ **ਇਨਾਮ** ਦਿੰਦਾ।[13] ਬਿਲਆਮ ਨੇ ਫਿਰ ਆ ਜਾਣਾ ਸੀ ਅਤੇ ਬਾਲਾਕ ਦਾ ਉਦੇਸ਼ ਪੂਰਾ ਹੋ ਜਾਣਾ ਸੀ। ਪਰ, ਬਿਲਆਮ ਨੂੰ ਆਪਣੇ ਕੋਲ ਬੁਲਾਉਣਾ ਉਸ ਨਾਲੋਂ ਜ਼ਿਆਦਾ ਗੁੰਝਲਦਾਰ ਸਾਬਤ ਹੋਇਆ ਜਿਸ ਦੀ ਬਾਲਾਕ ਨੇ ਉਮੀਦ ਕੀਤੀ ਸੀ।

ਪਹਿਲੀ ਉਲਝਣ ਉਸ ਸਮੇਂ ਹੋਈ ਜਦੋਂ **ਮੋਆਬ ਦੇ ਬਜ਼ੁਰਗਾਂ ਅਰ ਮਿਦਯਾਨ ਦੇ ਬਜ਼ੁਰਗਾਂ** ਦਾ ਵਫ਼ਦ ਜੋ ਬਾਲਾਕ ਦੁਆਰਾ ਭੇਜਿਆ ਸੀ ਉਸ ਨੇ ਬਿਲਆਮ ਨੂੰ ਬਾਲਾਕ ਦੇ ਬੁਲਾਵੇ ਨੂੰ ਕਬੂਲ ਕਰਨ ਦੇ ਲਈ ਮਨਾਉਣ ਦੀ ਕੋਸ਼ਿਸ਼ ਕੀਤੀ। **ਓਹ ਬਿਲਆਮ ਕੋਲ ਆ ਕੇ ਉਹ ਨੂੰ ਬਾਲਾਕ ਦੀਆਂ**

**ਗੱਲਾਂ ਬੋਲੇ।** ਉਸ ਨੇ ਉਨ੍ਹਾਂ ਨੂੰ ਉਸ ਦੇ ਨਾਲ ਰਾਤ ਟਿਕਣ ਦਾ ਨਿਓਤਾ ਦਿੱਤਾ ਕਿਉਂਕਿ ਉਸ ਦਾ ਇਰਾਦਾ ਇਹ ਸੀ ਕਿ ਉਹ ਉਸ ਮਸਲੇ ਤੇ ਯਹੋਵਾਹ ਦੀ ਸਲਾਹ ਲਵੇ ਅਤੇ ਫਿਰ **ਮੁੜ ਖਬਰ ਲਿਆਵੇ** ਜੇਕਰ **ਯਹੋਵਾਹ** [ਉਸ ਨੂੰ] **ਬੋਲੇ**; ਇਸ ਲਈ **ਮੋਆਬ ਦੇ ਸਰਦਾਰ ਬਿਲਆਮ ਨਾਲ ਠਹਿਰੇ**।

**ਆਇਤਾਂ 9-13. ਪਰਮੇਸ਼ੁਰ** ਨੇ **ਬਿਲਆਮ** ਕੋਲ ਆਣ ਨੇ ਆਖਿਆ, **ਏਹ ਮਨੁੱਖ ਤੇਰੇ ਨਾਲ ਕੌਣ ਹਨ?** ਜਵਾਬ ਵਿਚ, ਫਾਲ ਪਾਉਣ ਵਾਲੇ ਨੇ ਆਖਿਆ ਕਿ ਬਾਲਾਕ ਨੇ ਕਿਸੇ **ਉੱਮਤ ਜਿਹੜੀ ਮਿਸਰ ਤੋਂ ਆ ਰਹੀ ਹੈ ਬਦ ਦੁਆ ਦੇਣ ਦੇ ਲਈ** ਮੈਨੂੰ ਸੱਦਣ ਦੇ ਲਈ ਇਨ੍ਹਾਂ ਹਲਕਾਰਿਆਂ ਨੂੰ ਘੱਲਿਆ ਸੀ। ਬਾਲਾਕ ਨੇ ਦਲੀਲ ਦਿੱਤੀ ਕਿ ਜੇਕਰ ਬਿਲਆਮ ਇਨ੍ਹਾਂ ਲੋਕਾਂ ਨੂੰ ਸਰਾਪ ਦੇ ਦਿੰਦਾ ਹੈ, ਸ਼ਾਇਦ ਮੈਂ **ਉਨ੍ਹਾਂ ਨਾਲ ਲੱੜ ਸੱਕਾਂ** ਅਤੇ **ਉਨ੍ਹਾਂ ਨੂੰ ਦੇਸ ਵਿੱਚੋਂ ਬਾਹਰ ਕੱਢ ਦਿਆਂ**। ਪਰਮੇਸ਼ੁਰ ਨੇ ਉੱਤਰ ਦਿੱਤਾ, **ਏਹਨਾਂ ਨਾਲ ਨਾ ਜਾਈਂ ਨਾ ਇਸ ਪਰਜਾ ਨੂੰ ਸਰਾਪ ਦੇਈਂ ਕਿਉਂ ਜੋ ਓਹ ਮੁਬਾਰਕ ਹਨ।** ਅਗਲੀ ਸਵੇਰ ਨੂੰ ਬਿਲਆਮ ਨੇ ਉਨ੍ਹਾਂ ਮਨੁੱਖਾਂ ਨੂੰ ਇਹ ਆਖ ਕੇ ਘੱਲ ਦਿੱਤਾ ਕਿ **ਆਪਣੇ ਦੇਸ ਨੂੰ ਜਾਓ ਕਿਉਂ ਜੋ ਯਹੋਵਾਹ ਨੇ ਮੈਨੂੰ ਤੁਹਾਡੇ ਨਾਲ ਜਾਣ ਤੋਂ ਵਰਜਿਆ।**

**ਆਇਤਾਂ 14-18.** ਸ਼ਾਇਦ ਬਿਲਆਮ ਸੱਚੇ ਮਨ ਨਾਲ ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਕਰਨਾ ਚਾਹੁੰਦਾ ਸੀ, ਜਾਂ ਸ਼ਾਇਦ ਉਸ ਦਾ ਇਨਕਾਰ ਬਾਲਾਕ ਕੋਲੋਂ ਜ਼ਿਆਦਾ ਪੈਸੇ ਲੈਣ ਦੀ ਕੋਸ਼ਿਸ਼ ਵਿਚ ਇਕ ਸੌਦੇਬਾਜੀ ਵਾਲੀ ਸਾਜਿਸ਼ ਸੀ। ਗਿਣਤੀ ਦੇ ਲੇਖਕ ਨੇ ਬਿਲਆਮ ਦੇ ਉਦੇਸ਼ਾਂ ਤੇ ਕੋਈ ਟਿੱਪਣੀ ਨਹੀਂ ਸੀ ਕੀਤੀ। ਇਸ ਤਰ੍ਹਾਂ ਪ੍ਰਤੀਤ ਹੁੰਦਾ ਸੀ ਕਿ ਬਾਲਾਕ ਸੋਚਦਾ ਹੈ ਕਿ ਬਿਲਆਮ ਨੂੰ ਹਾਲੇ ਵੀ ਉਹ ਕਰਨ ਦੇ ਲਈ ਮਨਾਇਆ ਜਾ ਸਕਦਾ ਸੀ ਜੋ ਉਹ ਉਸ ਦੇ ਕੋਲੋਂ ਕਰਵਾਉਣਾ ਚਾਹੁੰਦਾ ਸੀ। ਜਦੋਂ ਉਨ੍ਹਾਂ ਨੇ ਜਿਨ੍ਹਾਂ ਨੂੰ ਉਸ ਨੇ ਘੱਲਿਆ ਸੀ ਆ ਕੇ ਇਹ ਖਬਰ ਦਿੱਤੀ ਕਿ **ਬਿਲਆਮ ਨੇ ਸਾਡੇ ਨਾਲ ਆਉਣ ਤੋਂ ਇਨਕਾਰ ਕੀਤਾ** [ਸੀ], ਤਾਂ ਬਾਲਾਕ ਨੇ ਦੂਜਾ ਵਫ਼ਦ ਘੱਲਿਆ ਅਰਥਾਤ ਇਕ ਵਾਰ ਹੋਰ ਸਰਦਾਰ ਘੱਲੇ **ਜਿਹੜੇ ਏਹਨਾਂ ਤੋਂ ਵਧੀਕ ਅਰ ਪਤਵੰਤੇ ਸਨ**। ਉਨ੍ਹਾਂ ਨੇ ਬਿਲਆਮ ਨੂੰ **ਅੱਤ ਵੱਡੀ ਪਤ** ਦੇਣ ਦਾ ਵਾਅਦਾ ਕੀਤਾ ਸੀ ਜੇਕਰ ਉਹ ਇਸਰਾਏਲ ਨੂੰ **ਬਦ ਦੁਆ** ਦਿੰਦਾ। ਬਿਲਆਮ ਨੇ ਸਰਦਾਰਾਂ ਨੂੰ ਇਹ ਉੱਤਰ ਦਿੱਤਾ: **ਜੇ ਬਾਲਾਕ ਮੈਨੂੰ ਆਪਣੇ ਘਰ ਭਰ ਦੀ ਚਾਂਦੀ ਅਰ ਸੋਨਾ ਵੀ ਦੇਵੇ ਤਾਂ ਵੀ ਮੈਂ ਯਹੋਵਾਹ ਆਪਣੇ ਪਰਮੇਸ਼ੁਰ ਦੇ ਹੁਕਮ ਦੀ ਉਲੰਘਣਾ ਨਹੀਂ ਕਰ ਸੱਕਦਾ ਹਾਂ ਕਿ ਮੈਂ ਘੱਟ ਯਾ ਵਧ ਕਰਾਂ** (ਵੇਖੋ 24:13)। ਜੇਕਰ ਸੱਚ ਕਹੀਏ ਤਾਂ ਕਿਸੇ ਵੀ ਵਿਅਕਤੀ ਦੀ ਪਰਮੇਸ਼ੁਰ ਦੇ ਹੁਕਮਾਂ ਨੂੰ ਮੰਨਣ ਦੇ ਲਈ ਦ੍ਰਿੜ੍ਹ ਸੰਕਲਪ ਅਤੇ ਦਿਲੇਰੀ ਵਾਲੀ ਗੱਲ ਇਸ ਥਾਂ ਤੋਂ ਇਲਾਵਾ ਬਾਈਬਲ ਵਿਚ ਹੋਰ ਕਿਤੇ ਨਹੀਂ ਮਿਲ ਸਕਦੀ।

### ਜਾਣ ਦੇ ਲਈ ਬਿਲਆਮ ਦਾ ਫ਼ੈਸਲਾ (22:19-21)

**[19]ਹੁਣ ਤੁਸੀਂ ਐੱਥੇ ਅੱਜ ਦੀ ਰਾਹ ਹੀ ਠਹਿਰਣਾ ਤਾਂ ਜੋ ਮੈਂ ਜਾਣਾ ਕਿ ਯਹੋਵਾਹ ਹੋਰ ਕਿਹੜੀ ਗੱਲ ਮੇਰੇ ਨਾਲ ਬੋਲੇਗਾ। [20]ਪਰਮੇਸ਼ੁਰ ਬਿਲਆਮ ਕੋਲ ਰਾਤ ਨੂੰ ਆਇਆ ਅਤੇ ਉਹ ਨੂੰ ਆਖਿਆ, ਜੇ ਏਹ ਮਨੁੱਖ ਤੈਨੂੰ ਸੱਦਣ ਲਈ ਆਏ ਹਨ ਤਾਂ ਉੱਠ ਕੇ ਉਨ੍ਹਾਂ ਨਾਲ ਤੁਰ ਪਈਂ ਨਿਰੀ ਓਹ ਗੱਲ ਜਿਹੜੀ ਮੈਂ ਤੈਨੂੰ ਬੋਲਾਂ ਤੂੰ ਕਰੀਂ। [21]ਬਿਲਆਮ ਨੇ ਸਵੇਰ ਨੂੰ ਉੱਠ ਕੇ ਆਪਣੀ ਗਧੀ ਉੱਤੇ ਪਲਾਣਾ ਕੱਸਿਆ ਅਤੇ ਮੋਆਬ ਦੇ ਸਰਦਾਰਾਂ ਨਾਲ ਤੁਰ ਪਿਆ।**

**ਆਇਤ 19.** ਬਿਲਆਮ ਦੇ ਅਗਲੇ ਕੰਮ ਨੇ ਉਸ ਦੀਆਂ ਗੱਲਾਂ ਨੂੰ ਝੂਠਾ ਸਾਬਤ ਕਰ ਦਿੱਤਾ। ਉਸ ਨੇ ਫੇਰ ਆਪਣੇ ਮਹਿਮਾਨਾਂ ਨੂੰ ਰਾਤ ਗੁਜਾਰਨ ਦੇ ਲਈ ਸੱਦਾ ਦਿੱਤਾ ਅਤੇ ਆਖਿਆ, **ਮੈਂ ਜਾਣਾਂ ਕਿ ਯਹੋਵਾਹ ਹੋਰ ਕਿਹੜੀ ਗੱਲ ਮੇਰੇ ਨਾਲ ਬੋਲੇਗਾ।** ਕਿਉਂਕਿ ਪਰਮੇਸ਼ੁਰ ਨੇ ਉਸ ਨੂੰ ਪਹਿਲਾਂ ਤੋਂ ਹੀ ਦੱਸ ਦਿੱਤਾ ਸੀ ਕਿ ਉਸ ਨੇ ਕੀ ਕਰਨਾ ਸੀ, ਬਿਲਆਮ ਦੇ ਕੋਲ ਦੂਜੀ ਵਾਰ ਪੁੱਛਣ ਦਾ ਚੰਗਾ

ਕਾਰਣ ਨਹੀਂ ਸੀ।

**ਆਇਤ 20.** ਫਿਰ ਵੀ, ਉਸ ਦੇ ਸਵਾਲ ਦੇ ਜਵਾਬ ਵਿਚ, **ਪਰਮੇਸ਼ੁਰ** ਨੇ ਉਸ ਨੂੰ ਆਖਿਆ ਕਿ ਤੂੰ ਮਨੁੱਖਾਂ ਨਾਲ **ਤੁਰ ਪਈਂ** ਪਰ **ਨਿਰੀ ਓਹ ਗੱਲ** ਜਿਹੜੀ ਮੈਂ ਤੈਨੂੰ ਬੋਲਾਂ ਤੂੰ ਕਰੀਂ। ਇਹ ਦਿਲਚਸਪ ਹੈ ਕਿ ਪਰਮੇਸ਼ੁਰ ਨੇ **ਰਾਤ ਨੂੰ** ਬਿਲਆਮ ਦੇ ਨਾਲ ਗੱਲ ਕੀਤੀ ਸੀ। ਡੀਰ ਅੱਲਾ ਦੇ ਸ਼ਿਲਾਲੇਖ ਕਹਿੰਦੇ ਹਨ ਕਿ "ਦੇਵਤੇ ਰਾਤ ਨੂੰ [ਬਿਲਆਮ ਕੋਲ] ਆਏ ਅਤੇ ਉਸ ਨੇ ਏਲ ਦੀ ਨਬੂਵਤ ਵਰਗਾ ਇਕ ਦਰਸ਼ਣ ਵੇਖਿਆ।"[14]

**ਆਇਤ 21. ਸਵੇਰ ਨੂੰ**, ਬਿਲਆਮ ਨੇ **ਆਪਣੀ ਗਧੀ ਉੱਤੇ ਪਲਾਣਾ ਕੱਸਿਆ**, "ਦੋ ਨੌਕਰ" ਨਾਲ ਲਏ (22:22) ਅਤੇ ਉਨ੍ਹਾਂ **ਸਰਦਾਰਾਂ** ਨਾਲ **ਮੋਆਬ** ਵੱਲ ਨੂੰ ਕੂਚ ਕੀਤਾ ਜਿਹੜੇ ਉਹ ਦੇ ਨਾਲ ਸੌਦੇਬਾਜੀ ਕਰਨ ਦੇ ਲਈ ਆਏ ਸਨ। ਮੂਲ ਭਾਸ਼ਾ ਵਿਚ, ਗਧੀ ਨੂੰ ਇਸਤ੍ਰੀ ਲਿੰਗ ਦੱਸਿਆ ਗਿਆ ਹੈ। ਇਹ ਤੱਥ NASB ਬਾਈਬਲ ਦੇ ਇਸਤਰੀ-ਲਿੰਗ ਪੜਨਾਵਾਂ ਵਿਚ ਦਰਸਾਇਆ ਗਿਆ ਹੈ ਜੋ ਕਹਾਣੀ ਵਿਚ ਉਸ ਦੇ ਲਈ ਵਰਤੇ ਗਏ ਸਨ।

## ਬਿਲਆਮ ਦਾ ਪਰਮੇਸ਼ੁਰ ਦੇ ਕ੍ਰੋਧ ਤੋਂ ਬਚਣਾ (22:22-35)

**[22]ਤਾਂ ਪਰਮੇਸ਼ੁਰ ਦਾ ਕ੍ਰੋਧ ਭੜਕ ਉੱਠਿਆ ਕਿਉਂ ਜੋ ਉਹ ਜਾਂਦਾ ਸੀ ਅਤੇ ਯਹੋਵਾਹ ਦੇ ਦੂਤ
ਨੇ ਆਪਣੇ ਆਪ ਨੂੰ ਰਾਹ ਵਿੱਚ ਉਸ ਦੇ ਵਿਰੋਧੀ ਹੋਣ ਲਈ ਖੜਾ ਕੀਤਾ। ਉਹ ਆਪਣੀ ਗਧੀ ਉੱਤੇ
ਸਵਾਰ ਹੋਇਆ ਅਤੇ ਉਸ ਦੇ ਦੋ ਨੌਕਰ ਉਸ ਦੇ ਸੰਗ ਸਨ। [23]ਅਤੇ ਗਧੀ ਨੇ ਯਹੋਵਾਹ ਦੇ ਦੂਤ ਨੂੰ
ਰਾਹ ਵਿੱਚ ਖੜਾ ਡਿੱਠਾ ਅਤੇ ਉਹ ਦੀ ਤੇਗ ਉਹ ਦੇ ਹੱਥ ਵਿੱਚ ਸੂਤੀ ਹੋਈ ਸੀ। ਤਾਂ ਗਧੀ ਰਾਹ ਤੋਂ
ਮੁੜ ਕੇ ਖੇਤ ਵਿੱਚ ਗਈ ਅਤੇ ਬਿਲਆਮ ਨੇ ਗਧੀ ਨੂੰ ਮਾਰਿਆ ਤਾਂ ਜੋ ਉਹ ਨੂੰ ਰਾਹ ਵੱਲ ਮੋੜੇ।
[24]ਤਦ ਯਹੋਵਾਹ ਦਾ ਦੂਤ ਦਾਖ ਦੀ ਬਾੜੀ ਵਿੱਚ ਉਸ ਤੰਗ ਰਾਹ ਵਿੱਚ ਜਾ ਖਲੋਤਾ ਜਿੱਥੇ ਇੱਕ
ਪਾਸੇ ਕੰਧ ਅਤੇ ਦੂਜੇ ਪਾਸੇ ਵੀ ਕੰਧ ਸੀ। [25]ਜਾਂ ਗਧੀ ਨੇ ਯਹੋਵਾਹ ਦੇ ਦੂਤ ਨੂੰ ਡਿੱਠਾ ਤਾਂ ਉਹ
ਆਪਣੇ ਆਪ ਨੂੰ ਦਬਾ ਕੇ ਕੰਧ ਨਾਲ ਜਾ ਲੱਗੀ ਅਤੇ ਬਿਲਆਮ ਦੇ ਪੈਰ ਨੂੰ ਕੰਧ ਨਾਲ ਦਬਾਇਆ
ਸੋ ਉਸ ਨੇ ਫੇਰ ਉਹ ਨੂੰ ਮਾਰਿਆ। [26]ਯਹੋਵਾਹ ਦਾ ਦੂਤ ਫੇਰ ਇੱਕ ਵਾਰ ਅੱਗੇ ਜਾ ਕੇ ਇੱਕ ਤੰਗ
ਥਾਂ ਵਿੱਚ ਜਾ ਖਲੋਤਾ ਜਿਸ ਤੋਂ ਸੱਜੇ ਖੱਬੇ ਮੁੜਨ ਨੂੰ ਕੋਈ ਰਾਹ ਨਹੀਂ ਸੀ। [27]ਜਦ ਗਧੀ ਨੇ ਯਹੋਵਾਹ
ਦੇ ਦੂਤ ਨੂੰ ਵੇਖਿਆ ਤਾਂ ਬਿਲਆਮ ਦੇ ਹੇਠ ਬੈਠ ਗਈ ਅਤੇ ਬਿਲਆਮ ਦਾ ਕ੍ਰੋਧ ਭੜਕ ਉੱਠਿਆ,
ਫੇਰ ਉਸ ਆਪਣੀ ਲਾਠੀ ਨਾਲ ਗਧੀ ਨੂੰ ਮਾਰਿਆ। [28]ਤਾਂ ਯਹੋਵਾਹ ਨੇ ਗਧੀ ਦੇ ਮੂੰਹ ਨੂੰ ਖੋਲ੍ਹਿਆ
ਅਤੇ ਉਹ ਬਿਲਆਮ ਨੂੰ ਆਖਿਆ, ਮੈਂ ਤੇਰਾ ਕੀ ਕੀਤਾ ਹੈ ਤੈਂ ਮੈਨੂੰ ਇਨ੍ਹਾਂ ਤਿੰਨ ਵਾਰੀਆਂ ਵਿੱਚ
ਮਾਰਿਆ? [29]ਤਾਂ ਬਿਲਆਮ ਨੇ ਗਧੀ ਨੂੰ ਆਖਿਆ, ਇਸ ਲਈ ਕਿ ਤੈਂ ਮੇਰੇ ਨਾਲ ਮਖ਼ੌਲ ਕੀਤਾ।
ਜੇ ਮੇਰੇ ਹੱਥ ਵਿੱਚ ਤੇਗ ਹੁੰਦੀ ਤਾਂ ਮੈਂ ਹੁਣ ਹੀ ਤੈਨੂੰ ਵੱਢ ਸੁੱਟਦਾ। [30]ਅੱਗੋਂ ਗਧੀ ਨੇ ਬਿਲਆਮ ਨੂੰ
ਆਖਿਆ, ਕੀ ਮੈਂ ਤੇਰੀ ਗਧੀ ਨਹੀਂ ਜਿਹ ਦੇ ਉੱਤੇ ਤੂੰ ਸਾਰੀ ਉਮਰ ਅੱਜ ਤੀਕ ਸਵਾਰ ਹੁੰਦਾ ਰਿਹਾ
ਹੈਂ? ਕਦੀ ਮੈਂ ਅੱਗੇ ਵੀ ਤੇਰੇ ਨਾਲ ਐਉਂ ਕੀਤਾ ਹੈ? ਉਸ ਆਖਿਆ, ਨਹੀਂ। [31]ਤਦ ਯਹੋਵਾਹ ਨੇ
ਬਿਲਆਮ ਦੀਆਂ ਅੱਖਾਂ ਖੋਲ੍ਹੀਆਂ ਅਤੇ ਉਸ ਨੇ ਯਹੋਵਾਹ ਦੇ ਦੂਤ ਨੂੰ ਰਾਹ ਵਿੱਚ ਖਲੋਤੇ ਵੇਖਿਆ
ਅਤੇ ਉਹ ਦੀ ਤੇਗ ਉਹ ਦੇ ਹੱਥ ਵਿੱਚ ਸੂਤੀ ਹੋਈ ਸੀ ਤਾਂ ਉਸ ਨੇ ਆਪਣਾ ਸਿਰ ਨਿਵਾਇਆ ਅਤੇ
ਉਹ ਦੇ ਅੱਗੇ ਝੁਕਿਆ। [32]ਯਹੋਵਾਹ ਦੇ ਦੂਤ ਨੇ ਉਸ ਨੂੰ ਆਖਿਆ, ਤੂੰ ਕਿਉਂ ਆਪਣੀ ਗਧੀ ਨੂੰ ਤਿੰਨ
ਵਾਰ ਮਾਰਿਆ ਹੈ? ਵੇਖ, ਮੈਂ ਅੱਜ ਤੈਨੂੰ ਰੋਕਣ ਲਈ ਨਿੱਕਲਿਆ ਹਾਂ ਕਿਉਂ ਜੋ ਤੇਰਾ ਰਾਹ ਮੇਰੇ
ਅੱਗੇ ਉਲਟਾ ਹੈ। [33]ਗਧੀ ਨੇ ਮੈਨੂੰ ਵੇਖਿਆ ਅਤੇ ਮੈਥੋਂ ਤਿੰਨ ਵਾਰ ਮੁੜੀ। ਜੇ ਉਹ ਮੇਰੀ ਵੱਲੋਂ ਨਾ
ਮੁੜਦੀ ਤਾਂ ਹੁਣ ਮੈਂ ਤੈਨੂੰ ਵੀ ਵੱਢ ਸੁੱਟਦਾ ਪਰ ਉਹ ਨੂੰ ਜੀਉਂਦੀ ਰਹਿਣ ਦਿੰਦਾ। [34]ਤਾਂ ਬਿਲਆਮ
ਨੇ ਯਹੋਵਾਹ ਦੇ ਦੂਤ ਨੂੰ ਆਖਿਆ ਕਿ ਮੈਂ ਪਾਪ ਕੀਤਾ ਕਿਉਂ ਜੋ ਮੈਂ ਨਹੀਂ ਜਾਣਦਾ ਸਾਂ ਕਿ ਤੂੰ ਰਾਹ**

**ਵਿੱਚ ਮੇਰੇ ਵਿਰੁੱਧ ਖਲੋਤਾ ਹੈਂ ਅਤੇ ਹੁਣ ਜੇ ਮੈਂ ਤੇਰੀ ਨਿਗਾਹ ਵਿੱਚ ਬੁਰਿਆਈ ਕੀਤੀ ਤਾਂ ਮੈਂ ਮੁੜ ਜਾਵਾਂਗਾ। [35]ਫੇਰ ਯਹੋਵਾਹ ਦੇ ਦੂਤ ਨੇ ਬਿਲਆਮ ਨੂੰ ਆਖਿਆ ਕਿ ਇਨ੍ਹਾਂ ਮਨੁੱਖਾਂ ਨਾਲ ਜਾਹ ਪਰ ਨਿਰੀ ਉਹ ਗੱਲ ਜਿਹੜੀ ਮੈਂ ਤੇਰੇ ਨਾਲ ਬੋਲਾਂ ਓਹੋ ਗੱਲ ਤੂੰ ਬੋਲੀਂ। ਤਦ ਬਿਲਆਮ ਬਾਲਾਕ ਦੇ ਸਰਦਾਰਾਂ ਨਾਲ ਚੱਲਿਆ ਗਿਆ।**

**ਆਇਤ 22.** ਬਾਲਾਕ ਦੀ ਯੋਜਨਾ ਦੇ ਪੂਰਾ ਹੋਣ ਵਿਚ ਅਗਲਾ ਗੁੰਝਲਦਾਰ ਪਹਿਲੂ ਮੋਆਬ ਨੂੰ ਵਾਪਸ ਜਾਂਦੇ ਮਾਰਗ ਵਿਚ ਪਾਇਆ ਗਿਆ ਸੀ। ਲਿਖਤ ਆਖਦੀ ਹੈ ਕਿ **ਪਰਮੇਸ਼ੁਰ ਦਾ ਕ੍ਰੋਧ ਭੜਕ ਉੱਠਿਆ ਕਿਉਂ ਜੋ ਉਹ** [ਬਿਲਆਮ] **ਜਾਂਦਾ ਸੀ**; ਸਿੱਟੇ ਵਜੋਂ, ਜਦੋਂ ਉਹ ਅਤੇ ਉਸ ਦੇ **ਨੌਕਰ** ਸਫ਼ਰ ਕਰਨ ਲੱਗੇ, **ਯਹੋਵਾਹ ਦੇ ਦੂਤ** ਨੇ ਆਪਣੇ ਆਪ ਨੂੰ ਰਾਹ ਵਿੱਚ **ਉਸ ਦੇ ਵਿਰੋਧੀ ਹੋਣ ਲਈ** ਖੜਾ ਕੀਤਾ। 22 ਅਤੇ 32 ਆਇਤਾਂ ਅਨੁਵਾਦ ਕੀਤਾ ਗਿਆ "ਵਿਰੋਧੀ" (שָׂטָן, *ਸੈਟਨ)* ਸ਼ਬਦ ਉਹੀ ਸ਼ਬਦ ਹੈ ਜੋ ਅੱਯੂਬ 1:6 ਵਿਚ ਸ਼ਤਾਨ ਦੇ ਲਈ ਵਰਤਿਆ ਗਿਆ ਸੀ; "ਸ਼ਤਾਨ" ਸ਼ਬਦ ਦਾ ਪੰਜਾਬੀ ਰੂਪ ਹੈ। ਗਿਣਤੀ 22 ਵਿਚ ਇਸ ਦੀ ਵਰਤੋਂ ਇਹ ਸੁਝਾਅ ਦਿੰਦੀ ਹੈ ਕਿ ਪਰਮੇਸ਼ੁਰ ਨੇ ਆਪਣੇ ਆਪ ਨੂੰ ਰਾਹ ਵਿਚ ਬਿਲਆਮ ਦੇ "ਵਿਰੋਧੀ," ਜਾਂ "ਦੁਸ਼ਮਣ" ਦੇ ਰੂਪ ਵਿਚ ਖੜਾ ਕੀਤਾ ਸੀ। ਉਹ ਜਿਹੜੇ ਪਰਮੇਸ਼ੁਰ ਦੀ ਅਣਆਗਿਆਕਾਰੀ ਕਰਦੇ ਹਨ, ਪਰਮੇਸ਼ੁਰ ਉਨ੍ਹਾਂ ਦਾ ਵੱਡਾ ਦੁਸ਼ਮਣ ਬਣ ਜਾਂਦਾ ਹੈ।

ਅਧਿਆਇ 22 ਦਾ ਸਭ ਤੋਂ ਮੁਸ਼ਕਲ ਹਿੱਸਾ ਇਹ ਹੈ ਕਿ ਆਇਤ 18 ਵਿਚ ਪਰਮੇਸ਼ੁਰ ਨੇ ਬਿਲਆਮ ਨੂੰ ਜਾਣ ਦੀ ਆਗਿਆ ਦਿੱਤੀ ਸੀ, ਫਿਰ ਵੀ ਆਇਤ 22 ਕਹਿੰਦੀ ਹੈ, "ਪਰਮੇਸ਼ੁਰ ਦਾ ਕ੍ਰੋਧ ਭੜਕ ਉੱਠਿਆ ਕਿਉਂ ਜੋ ਉਹ ਜਾਂਦਾ ਸੀ।" ਸਪੱਸ਼ਟ ਤੌਰ ਤੇ ਇਨ੍ਹਾਂ ਦੋ ਵਿਰੋਧੀ ਵਿਚਾਰਾਂ ਨੂੰ ਕਿਵੇਂ ਸਵੀਕਾਰ ਕੀਤਾ ਜਾ ਸਕਦਾ ਹੈ? ਕਈਆਂ ਦਾ ਮੰਨਣਾ ਹੈ ਕਿ ਪਰਮੇਸ਼ੁਰ ਦਾ ਕ੍ਰੋਧ ਇਸ ਲਈ ਭੜਕ ਉੱਠਿਆ ਸੀ ਕਿਉਂਕਿ ਸਫ਼ਰ ਦੇ ਦੌਰਾਨ, ਜਾਂ ਉਸ ਦੇ ਸਫ਼ਰ ਤੇ ਨਿੱਕਲਣ ਤੋਂ ਇਕ ਰਾਤ ਪਹਿਲਾਂ, ਨਬੀ ਨੇ ਪਰਮੇਸ਼ੁਰ ਦੀ ਆਗਿਆ ਨੂੰ ਮੰਨਣ ਬਾਰੇ ਆਪਣਾ ਮਨ ਬਦਲ ਲਿਆ ਸੀ। ਉਸ ਨੇ ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਕਰਨ ਦਾ ਪੱਕਾ ਇਰਾਦਾ ਕਰ ਲਿਆ ਸੀ, ਪਰ ਉਸ ਦੇ ਮਨ ਵਿਚ ਪੈਸੇ ਦਾ ਲਾਲਚ ਆਉਣਾ ਸ਼ੁਰੂ ਹੋ ਗਿਆ ਜੋ ਬਾਲਾਕ ਨੇ ਉਸ ਨੂੰ ਦੇਣ ਦਾ ਵਾਅਦਾ ਕੀਤਾ ਸੀ। ਉਸ ਸਮੇਂ, ਉਹ ਬਸ ਇਹ ਸੋਚ ਰਿਹਾ ਸੀ ਕਿ ਉਹ ਇਸਰਾਏਲ ਨੂੰ ਸਰਾਪ ਦੇ ਕੇ ਉਸ ਪੈਸੇ ਨੂੰ ਕਿਵੇਂ ਇਕੱਠਾ ਕਰ ਸਕਦਾ ਸੀ। ਇਸਰਾਏਲ ਨੂੰ ਸਰਾਪ ਦੇਣ ਦੇ ਉਸ ਦੇ ਇਰਾਦੇ ਨੇ ਪਰਮੇਸ਼ੁਰ ਦੇ ਅੰਦਰ ਕ੍ਰੋਧ ਪੈਦਾ ਕਰ ਦਿੱਤਾ।

ਸਭ ਤੋਂ ਵੱਧ ਸੰਭਾਵਨਾ ਇਹ ਹੈ ਕਿ ਪਰਮੇਸ਼ੁਰ ਇਹ ਕਿਸੇ ਅਜਿਹੀ ਚੀਜ਼ ਦੀ ਆਗਿਆ ਦਿੱਤੀ ਸੀ ਜਿਹੜੀ ਉਸ ਦੀ ਆਦਰਸ਼ ਯੋਜਨਾ ਦੇ ਅਨੁਸਾਰ ਨਹੀਂ ਸੀ, ਜਿਵੇਂ ਉਸ ਨੇ ਉਦੋਂ ਕੀਤਾ ਸੀ ਜਦੋਂ ਉਸ ਨੇ ਇਕ ਰਾਜੇ ਦੁਆਰਾ ਸ਼ਾਸਨ ਦੀ ਇਸਰਾਏਲੀਆਂ ਦੀ ਬੇਨਤੀ ਨੂੰ ਮੰਨ ਲਿਆ ਸੀ (1 ਸਮੂਏਲ 8:1-8)। ਉਸੇ ਤਰ੍ਹਾਂ, ਯਿਸੂ ਅਨੁਸਾਰ, ਪਰਮੇਸ਼ੁਰ ਨੇ ਮਨੁੱਖਾਂ ਦੀ ਸਖ਼ਤ ਦਿਲੀ ਦੇ ਕਾਰਨ ਬਿਵਸਥਾ ਅਧੀਨ ਤਲਾਕ ਲੈਣ ਜਾਂ ਦੇਣ ਦੀ ਆਗਿਆ ਦਿੱਤੀ ਸੀ, ਹਾਲਾਂਕਿ ਉਹ ਵਿਆਹ ਦੇ ਲਈ ਪਰਮੇਸ਼ੁਰ ਦੀ ਅਸਲੀ ਯੋਜਨਾ ਦਾ ਹਿੱਸਾ ਨਹੀਂ ਸੀ (ਮੱਤੀ 19:3-9)। ਪਰਮੇਸ਼ੁਰ ਨੇ ਪਹਿਲਾਂ ਤੋਂ ਹੀ ਆਪਣੀ ਇੱਛਾ ਨੂੰ ਸਪੱਸ਼ਟ ਕਰ ਦਿੱਤਾ ਸੀ ਜਦੋਂ ਪਹਿਲਾਂ ਉਸ ਨੇ ਬਿਲਆਮ ਨੂੰ ਜਾਣ ਤੋਂ ਮਨ੍ਹਾ ਕਰ ਦਿੱਤਾ ਸੀ। ਦੂਜੀ ਵਾਰ ਪੁੱਛਣ ਦੇ ਦੁਆਰਾ - ਸੰਭਵ ਤੌਰ ਤੇ ਕਿਉਂਕਿ ਉਹ ਉਨ੍ਹਾਂ ਇਨਾਮਾਂ ਨੂੰ ਚਾਹੁੰਦਾ ਸੀ ਜਿਨ੍ਹਾਂ ਦਾ ਬਾਲਾਕ ਨੇ ਵਾਅਦਾ ਕੀਤਾ ਸੀ - ਬਿਲਆਮ ਨੇ ਇਹ ਸੰਕੇਤ ਦਿੱਤਾ ਸੀ ਕਿ ਉਸ ਦਾ ਮੰਨਣਾ ਸੀ ਕਿ ਪਰਮੇਸ਼ੁਰ ਦਾ ਮਨ ਬਦਲ ਸਕਦਾ ਸੀ। ਇਸ ਲਈ ਪਰਮੇਸ਼ੁਰ ਨੇ ਬਿਲਆਮ ਨੂੰ ਆਗਿਆ ਦਿੱਤੀ ਸੀ, ਪਰ ਬਾਅਦ ਵਿਚ ਪਰਮੇਸ਼ੁਰ ਨੇ ਬਿਲਆਮ ਨੂੰ ਜਾਨੋਂ ਮਾਰਨ ਦੀ ਧਮਕੀ ਦੇ ਕੇ ਆਪਣੀ ਨਾਰਾਜ਼ਗੀ ਪਰਗਟ ਕੀਤੀ ਸੀ।

**ਆਇਤ 23.** ਪਰਮੇਸ਼ੁਰ ਦੇ ਕ੍ਰੋਧ ਦਾ ਕਾਰਣ ਜੋ ਕੋਈ ਵੀ ਸੀ, ਨਤੀਜਾ ਇਹ ਸੀ ਕਿ ਦੂਤ ਨੇ ਬਿਲਆਮ ਦਾ ਰਾਹ ਰੋਕ ਦਿੱਤਾ। **ਗਧੀ ਨੇ ਯਹੋਵਾਹ ਦੇ ਦੂਤ ਨੂੰ ਰਾਹ ਵਿੱਚ ਖੜਾ ਡਿੱਠਾ ... ਉਹ ਦੀ ਤੇਗ ਉਹ ਦੇ ਹੱਥ ਵਿੱਚ ਸੂਤੀ ਹੋਈ ਸੀ**, ਹਾਲਾਂਕਿ ਬਿਲਆਮ ਖੁਦ ਵੀ ਉਸ ਨੂੰ ਨਹੀਂ ਸੀ ਵੇਖ ਸਕਿਆ (22:31)। ਜਦੋਂ **ਗਧੀ ਰਾਹ ਤੋਂ ਮੁੜ ਕੇ ਖੇਤ ਵਿੱਚ ਗਈ**, ਬਿਲਆਮ ਨੇ ਉਸ ਨੂੰ **ਮਾਰਿਆ।**

**ਆਇਤਾਂ 24, 25.** ਦੂਜੀ ਵਾਰ ਵੀ ਕੁਝ ਉਸੇ ਤਰ੍ਹਾਂ ਹੀ ਹੋਇਆ, ਜਦੋਂ **ਯਹੋਵਾਹ ਦਾ ਦੂਤ ਦਾਖ ਦੀ ਬਾੜੀ ਵਿੱਚ ਉਸ ਤੰਗ ਰਾਹ ਵਿੱਚ ਜਾ ਖਲੋਤਾ।** ਦੋਵੇਂ ਲਾਗਲੀਆਂ ਬਾੜੀਆਂ ਪੱਥਰ ਦੀਆਂ ਕੰਧਾਂ ਨਾਲ ਸੁਰੱਖਿਅਤ ਸਨ (ਵੇਖੋ ਯਸਾਯਾਹ 5:5) ਅਤੇ ਦੋਵਾਂ ਵਿਚਕਾਰ ਸਿਰਫ ਥੋੜ੍ਹਾ ਜਿਹਾ ਫ਼ਾਸਲਾ ਸੀ। ਇਸ ਵਾਰ, ਰੁਕਾਵਟ ਤੋਂ ਛੁਟਕਾਰਾ ਪਾਉਣ ਦੇ ਲਈ, **ਗਧੀ ਆਪਣੇ ਆਪ ਨੂੰ ਦਬਾ ਕੇ ਕੰਧ ਨਾਲ ਜਾ ਲੱਗੀ**, ਜਿਸ ਨਾਲ ਬਿਲਆਮ ਦੇ ਪੈਰ ਨੂੰ ਚੋਟ ਪਹੁੰਚੀ। ਬਿਲਆਮ ਨੇ **ਫੇਰ ਉਹ ਨੂੰ ਮਾਰਿਆ।**

**ਆਇਤਾਂ 26, 27.** ਤੀਜੀ ਵਾਰ, **ਯਹੋਵਾਹ ਦੇ ਦੂਤ** ਨੇ ਰਸਤਾ ਰੋਕਿਆ। ਇਸ ਵਾਰ ਉਹ ਅਜਿਹੇ **ਇੱਕ ਤੰਗ ਥਾਂ ਵਿੱਚ ਜਾ ਖਲੋਤਾ** ਕਿ ਉਸ ਦੇ ਆਲੇ-ਦੁਆਲੇ ਜਾਣਾ ਅਸੰਭਵ ਸੀ। **ਸੱਜੇ ਖੱਬੇ ਮੁੜਨ ਨੂੰ ਕੋਈ ਰਾਹ ਨਹੀਂ ਸੀ**, ਇਸ ਲਈ ਗਧੀ **ਬਿਲਆਮ ਦੇ ਹੇਠ ਬੈਠ ਗਈ।** ਇਸ ਕਾਰਣ ਬਿਲਆਮ ਦਾ **ਕ੍ਰੋਧ ਭੜਕ ਉੱਠਿਆ** ਅਤੇ ਉਸ ਨੇ **ਆਪਣੀ ਲਾਠੀ ਨਾਲ ਗਧੀ ਨੂੰ ਮਾਰਿਆ।**

**ਆਇਤਾਂ 28-31.** ਉਸ ਸਮੇਂ, **ਯਹੋਵਾਹ ਨੇ ਗਧੀ ਦੇ ਮੂੰਹ ਨੂੰ ਖੋਲ੍ਹਿਆ**: ਉਸ ਨੇ ਬਿਲਆਮ ਨੂੰ ਪੁੱਛਿਆ ਕਿ ਉਸ ਨੇ **ਤਿੰਨਾਂ ਵਾਰੀਆਂ** ਉਸ ਨੂੰ ਕਿਉਂ **ਮਾਰਿਆ।** ਬਿਲਆਮ ਨੇ ਜਵਾਬ ਦਿੱਤਾ ਕਿ ਗਧੀ ਨੇ ਉਸ ਦੀ ਆਗਿਆ ਨਾ ਮੰਨ ਕੇ **ਉਸ ਨਾਲ ਮਖ਼ੌਲ ਕੀਤਾ** ਸੀ ਅਤੇ ਆਖਿਆ ਕਿ **ਜੇ ਮੇਰੇ ਹੱਥ ਵਿੱਚ ਤੇਗ ਹੁੰਦੀ ਤਾਂ ਮੈਂ ਹੁਣ ਹੀ** [ਉਸ ਨੂੰ] **ਵੱਢ ਸੁੱਟਦਾ।**

ਗਧੀ ਨੇ ਬਿਲਆਮ ਨੂੰ ਪੁੱਛਿਆ ਕਿ ਕੀ ਉਹ ਬੀਤੇ ਸਮੇਂ ਵਿਚ ਕਦੇ ਅਣਆਗਿਆਕਾਰ ਰਹੀ ਸੀ ਅਤੇ ਬਿਲਆਮ ਨੂੰ ਇਹ ਜਵਾਬ ਦੇਣ ਦੇ ਲਈ ਮਜ਼ਬੂਰ ਕੀਤਾ ਗਿਆ, **ਨਹੀਂ।** ਇਸ ਸਮੇਂ ਪਰਮੇਸ਼ੁਰ ਨੇ **ਬਿਲਆਮ ਦੀਆਂ ਅੱਖਾਂ ਖੋਲ੍ਹੀਆਂ ਅਤੇ ਉਸ ਨੇ ਯਹੋਵਾਹ ਦੇ ਦੂਤ ਨੂੰ ਰਾਹ ਵਿੱਚ ਖਲੋਤੇ ਵੇਖਿਆ ਅਤੇ ਉਹ ਦੀ ਤੇਗ ਉਹ ਦੇ ਹੱਥ ਵਿੱਚ ਸੂਤੀ ਹੋਈ ਸੀ।** ਤੇਗ ਨੇੜੇ ਸੀ, ਪਰ ਇਹ ਦੂਤ ਦੇ ਹੱਥ ਵਿਚ ਸੀ। ਇਹ ਤੇਗ ਬਿਲਆਮ ਦੇ ਲਈ ਸੀ ਨਾ ਕਿ ਗਧੀ ਦੇ ਲਈ! ਬਿਲਆਮ ਨੇ ਦੂਤ ਦੀ ਮੌਜੂਦਗੀ ਦਾ ਸਹੀ ਢੰਗ ਨਾਲ ਜਵਾਬ ਦਿੱਤਾ ਸੀ ਜਦੋਂ **ਉਸ ਨੇ ਆਪਣਾ ਸਿਰ ਨਿਵਾਇਆ ਅਤੇ ਉਹ ਦੇ ਅੱਗੇ ਝੁਕਿਆ।**

**ਆਇਤਾਂ 32-35.** ਫਿਰ ਪਰਮੇਸ਼ੁਰ ਨੇ ਬਿਲਆਮ ਨੂੰ ਉਸ ਦੀ ਗਧੀ ਨੂੰ ਮਾਰਨ ਦੇ ਲਈ ਝਿੜਕਿਆ। **ਯਹੋਵਾਹ ਦੇ ਦੂਤ ਨੇ ਉਸ ਨੂੰ ਆਖਿਆ, ਤੂੰ ਕਿਉਂ ਆਪਣੀ ਗਧੀ ਨੂੰ ਤਿੰਨ ਵਾਰ ਮਾਰਿਆ ਹੈ? ... ਜੇ ਉਹ ਮੇਰੀ ਵੱਲੋਂ ਨਾ ਮੁੜਦੀ ਤਾਂ ਹੁਣ ਮੈਂ ਤੈਨੂੰ ਵੀ ਵੱਢ ਸੁੱਟਦਾ ਪਰ ਉਹ ਨੂੰ ਜੀਉਂਦੀ ਰਹਿਣ ਦਿੰਦਾ।** ਬਿਲਆਮ ਨੇ ਸਹੀ ਸਿੱਟਾ ਕੱਢਿਆ ਸੀ ਕਿ ਮੋਆਬ ਵੱਲ ਨੂੰ ਉਸ ਦਾ ਦੌਰਾ ਪਰਮੇਸ਼ੁਰ ਦੇ ਲਈ **ਬੁਰਿਆਈ** ਸੀ। ਉਸ ਦੇ ਇਹ ਮੰਨਣ ਤੋਂ ਬਾਅਦ ਕਿ ਉਸ ਨੇ **ਪਾਪ ਕੀਤਾ** ਸੀ, ਉਸ ਨੇ ਆਪਣੇ ਘਰ **ਮੁੜ ਜਾਣ** ਦੀ ਪੇਸ਼ਕਸ਼ ਕੀਤੀ ਸੀ। ਦੂਤ ਨੇ ਉਸ ਨੂੰ ਆਖਿਆ, **ਇਨ੍ਹਾਂ ਮਨੁੱਖਾਂ ਨਾਲ** [ਮੋਆਬ ਨੂੰ] **ਜਾਹ ਪਰ ਨਿਰੀ ਉਹ ਗੱਲ ਜਿਹੜੀ ਮੈਂ ਤੇਰੇ ਨਾਲ ਬੋਲਾਂ ਓਹੋ ਗੱਲ ਤੂੰ ਬੋਲੀਂ। ਤਦ ਬਿਲਆਮ ਬਾਲਾਕ ਦੇ ਸਰਦਾਰਾਂ ਨਾਲ ਚੱਲਿਆ ਗਿਆ।**

ਕੀ ਦੂਜੇ ਉੱਥੇ ਮੌਜੂਦ ਸਨ ਜਦੋਂ ਬਿਲਆਮ ਨੇ ਆਪਣੀ ਗਧੀ ਨਾਲ ਗੱਲ ਕੀਤੀ ਸੀ? ਉਹ "ਮੋਆਬ ਦੇ ਸਰਦਾਰਾਂ ਨਾਲ ਤੁਰ ਪਿਆ" (22:21), ਉਹ ਆਪਣੇ ਨਾਲ "ਦੋ ਨੌਕਰ" ਲੈ ਗਿਆ (22:22) ਅਤੇ ਉਹ "ਬਾਲਾਕ ਦੇ ਸਰਦਾਰਾਂ ਨਾਲ" ਆਪਣੇ ਰਾਹ ਚੱਲਦਾ ਗਿਆ (22:35)। ਇਹ ਸੰਭਵ ਹੈ ਕਿ ਦੂਜੇ ਉੱਥੇ ਸਨ ਪਰ ਜੋ ਕੁਝ ਹੋਇਆ ਸੀ ਉਨ੍ਹਾਂ ਨੇ ਉਹ ਨਹੀਂ ਸੀ ਵੇਖਿਆ (ਜਾਂ

ਨਹੀਂ ਸੀ ਸੁਣਿਆ)।[15]

ਬਿਲਆਮ ਅਤੇ ਉਸ ਦੀ ਗਧੀ ਵਿਚਕਾਰ ਗੱਲਬਾਤ ਬਿਲਆਮ ਬਾਰੇ ਕਹਾਣੀ ਦਾ ਸਭ ਤੋਂ ਅਜੀਬ ਪਹਿਲੂ ਹੈ। ਸਾਰੀ ਘਟਨਾ ਦਾ ਉਦੇਸ਼ ਬਿਲਆਮ ਦੁਆਰਾ ਸਿਰਫ ਉਹੀ ਸੰਦੇਸ਼ ਨੂੰ ਬੋਲਣ ਦੀ ਪੂਰੀ ਲੋੜ ਨੂੰ ਸਮਝਾਉਣਾ ਹੈ ਜੋ ਉਸ ਨੂੰ ਪਰਮੇਸ਼ੁਰ ਦੇ ਵੱਲੋਂ ਮਿਲਿਆ ਸੀ। ਪਰ, ਕਹਾਣੀ ਬਾਰੇ ਕਈ ਸਵਾਲ ਰਹਿ ਜਾਂਦੇ ਹਨ।

ਇਕ ਆਮ ਸਵਾਲ ਇਹ ਹੈ, "ਕੀ ਗਧੀ ਨੇ ਸੱਚਮੁੱਚ ਬਿਲਆਮ ਨਾਲ ਗੱਲ ਕੀਤੀ ਸੀ?" ਕਈ ਇਸ ਗੱਲ ਦਾ ਇਨਕਾਰ ਕਰਦੇ ਹਨ ਕਿ ਇਹ ਘਟਨਾ ਸੱਚਮੁੱਚ ਵਾਪਰੀ ਸੀ, ਪਰ ਜਿਨ੍ਹਾਂ ਦਾ ਇਹ ਮੰਨਣਾ ਹੈ ਕਿ ਕਿ ਪੂਰੀ ਬਾਈਬਲ ਪਰਮੇਸ਼ੁਰ ਦੀ ਪ੍ਰੇਰਣਾ ਨਾਲ ਲਿਖੀ ਗਈ ਹੈ ਉਹ ਇਸ ਕਹਾਣੀ ਨੂੰ ਸੱਚ ਮੰਨਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਜਦ ਕਿ ਇਹ ਚਮਤਕਾਰ ਅਨੋਖਾ ਹੈ, ਇਹ ਹੋਰਨਾਂ ਚਮਤਕਾਰਾਂ ਜਿੰਨਾ ਹੀ ਸੰਭਵ ਹੈ ਜਿਨ੍ਹਾਂ ਦਾ ਜ਼ਿਕਰ ਬਾਈਬਲ ਵਿਚ ਕੀਤਾ ਗਿਆ ਹੈ। ਪਰਮੇਸ਼ੁਰ ਜਿਸ ਨੇ ਸਭ ਕੁਝ ਬਣਾਇਆ ਹੈ - ਜਿਹੜਾ ਮੀਂਹ ਵਰਸਾਉਂਦਾ ਹੈ, ਜਿਹੜਾ ਤੁਫ਼ਾਨ ਘੱਲਦਾ ਹੈ ਅਤੇ ਜਿਹੜਾ ਲਹਿਰਾਂ ਨੂੰ ਸ਼ਾਂਤ ਕਰਦਾ ਹੈ - ਗਧੀ ਕੋਲੋਂ ਬੁਲਵਾ ਸਕਦਾ ਹੈ। ਇਸ ਲਈ, ਵਿਸ਼ਵਾਸੀਆਂ ਨੂੰ ਇਸ ਵਿਆਖਿਆ ਦੀ ਕੋਈ ਲੋੜ ਨਹੀਂ ਹੈ ਕਿ ਇਕ ਗਧੀ "ਕਿਵੇਂ" ਬੋਲ ਸਕਦੀ ਹੈ।

"ਕਿਉਂ" ਇਹ ਇਕ ਹੋਰ ਮਸਲਾ ਹੈ: ਪਰਮੇਸ਼ੁਰ "ਨਬੀ ਦੇ ਸ਼ੁਦਾਪੁਣੇ" ਨੂੰ ਰੋਕਣ ਦੇ ਲਈ ਇਕ ਗਧੀ ਨੂੰ ਕਿਉਂ ਵਰਤੇਗਾ (2 ਪਤਰਸ 2:15, 16)? ਸੰਭਵ ਤੌਰ ਤੇ ਇਹ ਪ੍ਰਤੀਤ ਹੁੰਦਾ ਹੈ ਕਿ ਪਰਮੇਸ਼ੁਰ ਦਾ ਉਦੇਸ਼ ਗਧੀ ਦਾ ਉਸ ਦੇ ਮਾਲਕ ਨਾਲ ਟਾਕਰਾ ਕਰਾਉਣਾ ਸੀ। ਬਿਲਆਮ ਇਕ ਵੱਡਾ ਫਾਲ ਪਾਉਣ ਵਾਲਾ ਜਾਂ ਨਬੀ ਸੀ, ਪਰ ਗਧੀ ਨੇ ਉਹ ਵੇਖਿਆ ਜੋ ਉਹ ਨਹੀਂ ਸੀ ਵੇਖ ਸਕਿਆ। ਬਿਲਆਮ ਉਹ ਵਿਅਕਤੀ ਸੀ ਜਿਸ ਨੇ ਉਨ੍ਹਾਂ ਗੱਲਾਂ ਨੂੰ ਜਾਣਨਾ ਸੀ ਜੋ ਦੂਜੇ ਨਹੀਂ ਸੀ ਜਾਣਦੇ, ਪਰ ਗਧੀ ਕੁਝ ਅਜਿਹਾ ਜਾਣਦੀ ਸੀ ਜੋ ਉਹ ਨਹੀਂ ਸੀ ਜਾਣਦਾ। ਬਿਲਆਮ ਨੇ ਮਾਸੂਮ ਗਧੀ ਨੂੰ ਮਾਰਿਆ, ਪਰ ਗਧੀ ਨੇ ਬਿਲਆਮ ਦੀ ਜਾਨ ਬਚਾਈ। ਬਿਲਆਮ ਨੂੰ ਪਰਮੇਸ਼ੁਰ ਦਾ ਵਫ਼ਾਦਾਰ ਸੇਵਕ ਹੋਣਾ ਚਾਹੀਦਾ ਸੀ ਅਤੇ ਗਧੀ ਸਿਰਫ ਇਕ ਨਿਮਾਣੀ ਜਾਨਵਰ ਸੀ; ਪਰ ਪਰਮੇਸ਼ੁਰ ਗਧੀ ਤੋਂ ਪ੍ਰਸੰਨ ਸੀ, ਜਦ ਕਿ ਉਹ ਬਿਲਆਮ ਤੇ ਇੰਨਾ ਜ਼ਿਆਦਾ ਕ੍ਰੋਧਿਤ ਸੀ ਕਿ ਉਹ ਉਸ ਨੂੰ ਮਾਰਨ ਦੇ ਲਈ ਤਿਆਰ ਸੀ। ਕਹਾਣੀ ਬਹੁਤ ਮਨੋਰੰਜਕ ਜਾਂ ਹਸਾਉਣ ਵਾਲੀ ਹੈ - ਪਾਠਕ ਅਸਲ ਵਿਚ ਉੱਚੀ-ਉੱਚੀ ਹੱਸ ਸਕਦੇ ਹਨ - ਪਰ ਇਸ ਕਹਾਣੀ ਦਾ ਉਦੇਸ਼, ਹੋਰਨਾਂ ਸੱਚਾਈਆਂ ਦੇ ਨਾਲ-ਨਾਲ, ਇਹ ਸਿੱਖਿਆ ਦੇਣਾ ਹੈ ਕਿ ਲੋਕ ਅਤੇ ਚੀਜ਼ਾਂ ਹਮੇਸ਼ਾ ਉਹ ਨਹੀਂ ਹੁੰਦੀਆਂ ਜੋ ਉਹ ਪ੍ਰਤੀਤ ਹੁੰਦੀਆਂ ਹਨ। ਕਹਾਣੀ ਦਾ ਸਭ ਤੋਂ ਮਨੋਰੰਜਕ ਜਾਂ ਹਾਸੇ ਵਾਲਾ ਪਹਿਲੂ ਇਹ ਨਹੀਂ ਹੈ ਕਿ ਗਧੀ ਨੇ ਬਿਲਆਮ ਨਾਲ ਗੱਲ ਕੀਤੀ, ਪਰ ਬਿਲਆਮ ਨੇ ਗਧੀ ਨੂੰ ਜਵਾਬ ਦਿੱਤਾ - ਬਿਨ੍ਹਾਂ ਕਿਸੇ ਹੈਰਾਨੀ ਜਾਂ ਝਿੱਜਕ ਦੇ - ਅਤੇ ਫਿਰ ਉਸ ਨੇ ਨਾਲ ਗੱਲਬਾਤ ਕਰਨਾ ਜਾਰੀ ਰੱਖਿਆ।

## ਬਿਲਆਮ ਦਾ ਬਾਲਾਕ ਨਾਲ ਮਿਲਣਾ (22:36-41)

**36ਜਦ ਬਾਲਾਕ ਨੇ ਸੁਣਿਆ ਕਿ ਬਿਲਆਮ ਆ ਗਿਆ ਹੈ ਤਾਂ ਉਸ ਦੇ ਮਿਲਣ ਲਈ ਮੋਆਬ ਦੇ ਸ਼ਹਿਰ ਨੂੰ ਬਾਹਰ ਗਿਆ ਜਿਹੜਾ ਅਰਨੋਨ ਦੀਆਂ ਹੱਦਾਂ ਉੱਤੇ ਸਗੋਂ ਐਨ ਸਰਹੱਦ ਉੱਤੇ ਸੀ।**
**37ਤਾਂ ਬਾਲਾਕ ਨੇ ਬਿਲਆਮ ਨੂੰ ਆਖਿਆ, ਕੀ ਮੈਂ ਤੈਨੂੰ ਵੱਡੀ ਲੋੜ ਲਈ ਨਹੀਂ ਬੁਲਾ ਘੱਲਿਆ? ਤੂੰ ਕਿਉਂ ਮੇਰੇ ਕੋਲ ਨਹੀਂ ਆਇਆ? ਕੀ ਮੈਂ ਤੈਨੂੰ ਸੱਚ ਮੁੱਚ ਵੱਡੀ ਪਤ ਨਹੀਂ ਦੇ ਸੱਕਦਾ? 38ਪਰ**
**ਬਿਲਆਮ ਨੇ ਬਾਲਾਕ ਨੂੰ ਆਖਿਆ, ਵੇਖ, ਮੈਂ ਤੇਰੇ ਕੋਲ ਆ ਗਿਆ ਹਾਂ। ਕੀ ਮੈਂ ਆਪਣੀ ਸ਼ਕਤੀ ਨਾਲ ਕੋਈ ਵਾਕ ਬੋਲ ਸੱਕਦਾ ਹਾਂ? ਜਿਹੜਾ ਵਾਕ ਪਰਮੇਸ਼ੁਰ ਮੇਰੇ ਮੂੰਹ ਵਿੱਚ ਪਾਵੇ ਉਹੀ ਮੈਂ**

**ਬੋਲਾਂਗਾ। [39]ਫੇਰ ਬਿਲਆਮ ਬਾਲਾਕ ਨਾਲ ਚੱਲਿਆ ਗਿਆ ਅਤੇ ਓਹ ਕਿਰਯਥ-ਹੁਸੋਥ ਵਿੱਚ ਆਏ। [40]ਬਾਲਾਕ ਨੇ ਵੱਗਾਂ ਅਤੇ ਇੱਜੜਾਂ ਦੀਆਂ ਬਲੀਆਂ ਚੜ੍ਹਾਈਆਂ ਅਤੇ ਉਹ ਨੇ ਬਿਲਆਮ ਅਰ ਉਨ੍ਹਾਂ ਸਰਦਾਰਾਂ ਲਈ ਜਿਹੜੇ ਉਸ ਦੇ ਨਾਲ ਸਨ ਕੁਝ ਘੱਲਿਆ। [41]ਤਾਂ ਸਵੇਰ ਨੂੰ ਐਉਂ ਹੋਇਆ ਕਿ ਬਾਲਾਕ ਬਿਲਆਮ ਨੂੰ ਲੈ ਕੇ ਬਆਲ ਦੀਆਂ ਉਚਿਆਈਆਂ ਉੱਤੇ ਉਸ ਨੂੰ ਲਿਆਇਆ ਜਿੱਥੋਂ ਉਸ ਨੇ ਪਰਜਾ ਦੀਆਂ ਸਰਹੱਦਾਂ ਤੀਕ ਡਿੱਠਾ।**

**ਆਇਤ 36. ਬਾਲਾਕ** ਨੇ **ਬਿਲਆਮ** ਨੂੰ ਬੁਲਾ ਘੱਲਿਆ ਸੀ ਅਤੇ ਉਸ ਨੂੰ ਮਸੋਪੋਤਾਮੀਆ ਤੋਂ ਮੋਆਬ ਵਿਚ ਲਿਆਂਦਾ ਸੀ। 22 ਅਧਿਆਇ ਦੀਆਂ ਆਖ਼ਰੀ ਆਇਤਾਂ ਵਿਚ, ਦੋ ਮਨੁੱਖਾਂ ਨੇ ਆਖ਼ਰਕਾਰ ਇਕ ਦੂਜੇ ਦਾ ਸਾਹਮਣਾ ਕੀਤਾ। ਇਹ ਮੁਲਾਕਾਤ **ਮੋਆਬ ਦੇ ਸ਼ਹਿਰ ... ਅਰਨੋਨ ਦੀਆਂ ਹੱਦਾਂ ਉੱਤੇ ਸਗੋਂ ਐਨ ਸਰਹੱਦ ਉੱਤੇ** ਹੋਈ ਸੀ। ਇਸ ਸਮੇਂ ਦੌਰਾਨ ਅਰਨੋਨ ਮੋਆਬ ਦੀ ਉੱਤਰੀ ਸਰਹੱਦ ਸੀ (21:13 ਤੇ ਟਿੱਪਣੀਆਂ ਵੇਖੋ)। ਮੁੱਦੇ ਦੀ ਗੱਲ ਇਹ ਪ੍ਰਤੀਤ ਹੁੰਦੀ ਹੈ ਕਿ ਰਾਜਾ ਫਾਲ ਪਾਉਣ ਵਾਲੇ ਨੂੰ ਮਿਲਣ ਦੇ ਲਈ ਆਪਣੀ ਉੱਤਰੀ ਸਰਹੱਦ ਤੇ ਆਇਆ ਸੀ (ਵੇਖੋ NIV)।

ਕਿਉਂਕਿ ਇਬਰਾਨੀ ਭਾਸ਼ਾ ਵਿਚ "ਸ਼ਹਿਰ" ਤੋਂ ਪਹਿਲਾਂ ਅਨੁੱਛੇਦ ਨਹੀਂ ਹੈ, ਇਸ ਵਾਕ ਦਾ ਅਨੁਵਾਦ "ਮੋਆਬ ਦਾ ਇਕ ਸ਼ਹਿਰ" ਕੀਤਾ ਜਾ ਸਕਦਾ ਸੀ। ਇਸ ਦਾ ਅਰਥ "ਇਰਮੋਆਬ" (NJPSV; NRSV) ਵੀ ਹੋ ਸਕਦਾ ਹੈ ਕਿਉਂਕਿ "ਸ਼ਹਿਰ" ਲਈ ਜਿਹੜਾ ਇਬਰਾਨੀ ਸ਼ਬਦ ਵਰਤਿਆ ਜਾਂਦਾ ਹੈ ਉਹ ਹੈ עִיר *('ਇਰ)*। ਹੋਰ ਅਨੁਵਾਦ ਇਸ ਨੂੰ "ਮੋਆਬ ਦਾ ਆਰ" ਵਜੋਂ ਪਛਾਣਦੇ ਹਨ (NEB; ਵੇਖੋ NJB), ਹਾਲਾਂਕਿ ਉਸ ਨਾਮ ਦੇ ਸਪੈਲਿੰਗ (ਲਿਖਣ ਦਾ ਢੰਗ) ਇਬਰਾਨੀ ਵਿਚ (עָר, *'ਆਰ)* ਥੋੜ੍ਹੇ ਜਿਹੇ ਵੱਖਰੇ ਹਨ। ਆਰ ਦਾ ਜ਼ਿਕਰ 21:15, 28 ਵਿਚ ਕੀਤਾ ਗਿਆ ਹੈ।

**ਆਇਤਾਂ 37, 38.** ਬਾਲਾਕ ਨੇ ਉਸ ਦੀ ਬੇਨਤੀ ਦਾ ਜਵਾਬ ਦੇਣ ਵਿਚ ਢਿੱਲ ਵਰਤਣ ਦੇ ਲਈ ਬਿਲਆਮ ਨੂੰ ਝਿੜਕਿਆ। ਉਹ ਨੇ ਉਸ ਨੂੰ ਸਵਾਲ ਕੀਤਾ ਸੀ ਕਿ ਉਹ ਉਸੇ ਵੇਲੇ ਕਿਉਂ ਨਹੀਂ ਸੀ ਆਇਆ, ਕਿਉਂਕਿ ਰਾਜੇ ਨੇ ਉਸ ਨੂੰ **ਵੱਡੀ ਲੋੜ ਲਈ** ਬੁਲਾ ਘੱਲਿਆ ਸੀ। ਉਸ ਨੇ ਇਹ ਵੀ ਪੁੱਛਿਆ, **ਕੀ ਮੈਂ ਤੈਨੂੰ ਸੱਚ ਮੁੱਚ ਵੱਡੀ ਪਤ ਨਹੀਂ ਦੇ ਸੱਕਦਾ?** ਅਸਲ ਵਿਚ, ਬਾਲਾਕ ਕਹਿ ਰਿਹਾ ਸੀ, "ਕੀ ਤੂੰ ਇਸ ਲਈ ਇੰਨਾ ਸਮਾਂ ਲਗਾਇਆ ਕਿਉਂਕਿ ਤੂੰ ਸੋਚਿਆ ਕਿ ਮੈਂ ਤੈਨੂੰ ਪੈਸੇ ਨਹੀਂ ਦੇ ਸੱਕਦਾ?"

ਬਾਲਾਕ ਨੇ ਉਸੇ ਸੁਰ ਵਿਚ ਜਵਾਬ ਦਿੱਤਾ: **ਕੀ ਮੈਂ ਆਪਣੀ ਸ਼ਕਤੀ ਨਾਲ ਕੋਈ ਵਾਕ ਬੋਲ ਸੱਕਦਾ ਹਾਂ?** ਉਹ ਬਾਲਾਕ ਨੂੰ ਇਹ ਦੱਸ ਰਿਹਾ ਸੀ ਕਿ ਉਹ ਉਸ ਨੂੰ ਕੁਝ ਨਹੀਂ ਸੀ ਬੋਲ ਸੱਕਦਾ ਸਿਵਾਏ ਉਸ ਤੋਂ ਜੋ ਪਰਮੇਸ਼ੁਰ ਨੇ ਉਸ ਨੂੰ ਬੋਲਣ ਲਈ ਦਿੱਤਾ ਸੀ।

22:37, 38 ਵਿਚ ਦੋ ਸਵਾਲ ਨਕਾਰਾਤਮਕ ਜਵਾਬਾਂ ਦੀ ਮੰਗ ਕਰਦੇ ਹਨ। (1) "ਕੀ ਮੈਂ ਤੈਨੂੰ ਸੱਚ ਮੁੱਚ ਵੱਡੀ ਪਤ ਨਹੀਂ ਦੇ ਸੱਕਦਾ?" ਦਾ ਅਰਥ ਹੈ, "ਮੈਂ ਤੈਨੂੰ ਸੱਚਮੁੱਚ ਤੇਰਾ ਆਦਰ ਕਰਨ ਦੇ ਸਮਰੱਥ ਹਾਂ - ਕੀ ਤੂੰ ਇਹ ਵਿਸ਼ਵਾਸ ਨਹੀਂ ਕੀਤਾ?" (2) "ਕੀ ਮੈਂ ਆਪਣੀ ਸ਼ਕਤੀ ਨਾਲ ਕੋਈ ਵਾਕ ਬੋਲ ਸੱਕਦਾ ਹਾਂ?" ਦਾ ਅਰਥ ਹੈ, "ਮੈਂ ਬਿਲਕੁਲ ਕੁਝ ਬੋਲਣ ਵਿਚ ਸਮਰੱਥ ਨਹੀਂ ਹਾਂ।" ਬਿਲਆਮ ਨੇ ਅੱਗੇ ਇਹ ਆਖਿਆ ਕਿ ਉਹ ਸਿਰਫ ਉਹੀ ਵਾਕ ਬੋਲ ਸਕਦਾ ਸੀ ਜੋ ਪਰਮੇਸ਼ੁਰ ਉਸ ਦੇ ਮੂੰਹ ਵਿਚ ਪਾਉਂਦਾ ਸੀ। ਸ਼ਾਇਦ ਉਸ ਦਾ ਅਰਥ ਇਹ ਸੀ ਕਿ ਕਿਉਂਕਿ ਉਹ ਪਰਮੇਸ਼ੁਰ ਦੀਆਂ ਹਦਾਇਤਾਂ ਦੇ ਅਧੀਨ ਸੀ, ਉਸ ਦੀ ਢਿੱਲ ਦੇ ਲਈ ਪਰਮੇਸ਼ੁਰ ਨੂੰ ਦੋਸ਼ੀ ਠਹਿਰਾਇਆ ਜਾਣਾ ਸੀ।

**ਆਇਤਾਂ 39, 40.** ਬਾਲਾਕ ਨੂੰ ਫਿਰ **ਕਿਰਯਥ-ਹੁਸੋਥ** ਵਿਚ ਲਿਜਾਇਆ ਗਿਆ, ਉਹ ਸ਼ਹਿਰ ਜਿੱਥੇ ਉਸ ਨੇ ਠਹਿਰਣਾ ਸੀ। ਉਸ ਥਾਂ ਤੇ, ਉਸ ਨੇ **ਵੱਗਾਂ ਅਤੇ ਇੱਜੜਾਂ ਦੀਆਂ ਬਲੀਆਂ**

**ਚੜ੍ਹਾਈਆਂ** ਅਤੇ ਮਾਸ ਨੂੰ **ਬਿਲਆਮ ਅਰ ਉਨ੍ਹਾਂ ਸਰਦਾਰਾਂ ਨਾਲ ਜਿਹੜੇ ਉਸ ਦੇ ਨਾਲ ਸਨ** ਸਾਂਝਾ ਕੀਤਾ। ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਇਹ ਪ੍ਰਸਿੱਧ ਮਹਿਮਾਨ ਦਾ ਸੁਆਗਤ ਕਰਨ ਦੇ ਲਈ ਇਕ ਦਾਹਵਤ ਸੀ।

**ਆਇਤ 41. ਸਵੇਰ ਨੂੰ ... ਬਾਲਾਕ ਬਿਲਆਮ ਨੂੰ ... ਬਆਲ ਦੀਆਂ ਉਚਿਆਈਆਂ ਉੱਤੇ ਲਿਆਇਆ** ("ਬਾਮੋਥ ਬਆਲ"; NIV)। "ਬਆਲ" ਇਕ ਦੇਵਤਾ ਸੀ ਜਿਸ ਦੀ ਕਨਾਨ ਦੇ ਆਲੇ-ਦੁਆਲੇ ਦੇ ਇਲਾਕੇ ਦੇ ਬਹੁਤ ਸਾਰੇ ਲੋਕ ਪੂਜਾ ਕਰਦੇ ਸਨ। "ਉਚਿਆਈਆਂ" ਉੱਚੀਆਂ ਥਾਵਾਂ ਸਨ, ਜਿਵੇਂ ਕਿ ਪਹਾੜੀਆਂ ਦੀਆਂ ਟੀਸੀਆਂ, ਜਿੱਥੇ ਓਪਰੇ ਦਿਓਤਿਆਂ ਦੀ ਪੂਜਾ ਕੀਤੀ ਜਾਂਦੀ ਸੀ। ਉਸ ਸੁਵਿਧਾਜਨਕ ਸਥਾਨ ਤੋਂ, ਉਨ੍ਹਾਂ ਨੇ ਇਸਰਾਏਲ ਦੀ **ਪਰਜਾ ਦੀਆਂ ਸਰਹੱਦਾਂ** ਨੂੰ ਡਿੱਠਾ। ਇਹ ਵਿਅੰਗਾਤਮਕ ਹੈ ਕਿ ਬਆਲ ਦੀ ਇਸ ਉੱਚੀ ਥਾਂ ਉੱਤੇ, ਬਿਲਆਮ ਨੇ ਇਸਰਾਏਲ ਨੂੰ ਬਰਕਤ ਦੇਣ ਦੇ ਲਈ ਪਰਮੇਸ਼ੁਰ ਵੱਲੋਂ ਇਕ ਸੰਦੇਸ਼ ਦਿੱਤਾ।

# ਪ੍ਰਾਸੰਗਿਕਤਾ

## ਪਰਮੇਸ਼ੁਰ ਅਤੇ ਉਸ ਦੇ "ਵੱਡੇ ਅਤੇ ਛੋਟੇ ਪ੍ਰਾਣੀ" (22:22-33)

ਬਿਲਆਮ ਦੀ ਕਹਾਣੀ ਹੁਣ ਤੱਕ ਦੀ ਸਭ ਤੋਂ ਅਜੀਬ ਗੱਲਬਾਤ ਦਾ ਜ਼ਿਕਰ ਕਰਦੀ ਹੈ। ਸ਼ਾਇਦ ਪੁਰਾਤਨ ਕਾਲ ਤੋਂ ਬਹੁਤ ਸਾਰੇ ਲੋਕਾਂ ਨੇ ਆਪਣੇ ਜਾਨਵਰਾਂ ਨਾਲ ਗੱਲ ਕੀਤੀ ਹੈ, ਪਰ ਹੋਰ ਕਿਸੇ ਵੀ ਪਾਲਤੂ ਜਾਨਵਰ ਜਾਂ ਕੰਮ ਕਰਨ ਵਾਲੇ ਜਾਨਵਰ ਨੂੰ ਅਚਾਣਕ ਉਸ ਤਰ੍ਹਾਂ ਮਨੁੱਖੀ ਭਾਸ਼ਾ ਵਿਚ ਗੱਲ ਕਰਨ ਦੀ ਸਮਰੱਥਾ ਨਹੀਂ ਦਿੱਤੀ ਹੈ ਜਿਵੇਂ ਬਿਲਆਮ ਦੀ ਗਧੀ ਨੇ ਗੱਲ ਕੀਤੀ ਸੀ।

ਬਾਈਬਲ ਦੱਸਦੀ ਹੈ ਕਿ ਪਰਮੇਸ਼ੁਰ ਨੇ, ਕਈ ਵਾਰ, ਕੁਦਰਤੀ ਸੰਸਾਰ ਦੇ ਜੀਉਂਦੇ ਪ੍ਰਾਣੀਆਂ - ਜਾਨਵਰਾਂ, ਪੰਛੀਆਂ, ਮੱਛੀਆਂ ਅਤੇ ਕੀੜੇ ਮਕੌੜਿਆਂ - ਨੂੰ ਆਪਣੇ ਉਦੇਸ਼ਾਂ ਨੂੰ ਪੂਰਾ ਕਰਨ ਦੇ ਲਈ ਵਰਤਿਆ ਸੀ। ਉਸ ਨੇ ਜਲ ਪਰਲੋ ਘੱਲਣ ਤੋਂ ਪਹਿਲਾਂ ਧਰਤੀ ਦੇ ਜਾਨਵਰਾਂ ਨੂੰ ਜੋੜਿਆਂ ਵਿਚ ਕਿਸ਼ਤੀ ਦੇ ਅੰਦਰ ਜਾਣ ਦਾ ਹੁਕਮ ਦਿੱਤਾ ਸੀ ਅਤੇ ਕਿਸ਼ਤੀ ਵਿੱਚੋਂ ਪੰਛੀਆਂ ਨੂੰ ਬਾਹਰ ਘੱਲਣ ਦੁਆਰਾ ਨੂਹ ਜਾਣ ਗਿਆ ਸੀ ਕਿ ਪਾਣੀ ਘੱਟ ਗਏ ਸਨ (ਉਤਪਤ 7; 8)। ਪਰਮੇਸ਼ੁਰ ਨੇ ਮਿਸਰੀਆਂ ਉੱਤੇ ਡੱਡੂਆਂ ਅਤੇ ਜੂੰਆਂ ਤੇ ਮੱਖਾਂ ਦੀ ਬਵਾ ਘੱਲੀ ਸੀ (ਕੂਚ 8:1-10:19)। ਉਸ ਨੇ ਇਸਰਾਏਲੀਆਂ ਦੀ ਭੁੱਖ ਨੂੰ ਮਿਟਾਉਣ ਦੇ ਲਈ ਬਟੇਰੇ ਘੱਲੇ ਸਨ (ਗਿਣਤੀ 11) ਅਤੇ ਉਸ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਬੇਪਰਤੀਤੀ ਦੀ ਸਜ਼ਾ ਦੇਣ ਦੇ ਲਈ ਸੱਪਾਂ ਨੂੰ ਵਰਤਿਆ ਸੀ (ਗਿਣਤੀ 21:4-9)। ਫਲਿਸਤੀਆਂ ਦੁਆਰਾ ਨੇਮ ਦੇ ਸੰਦੂਕ ਨੂੰ ਚੁਰਾਉਣ ਤੋਂ ਬਾਅਦ ਪਰਮੇਸ਼ੁਰ ਨੇ ਚੂਹੀਆਂ ਨੂੰ ਫਲਿਸਤੀਆਂ ਦੇ "ਦੇਸ ਨੂੰ ਵਿਗਾੜਨ" ਦਿੱਤਾ (1 ਸਮੂਏਲ 6:5)।

ਪਰਮੇਸ਼ੁਰ ਨੇ ਅਣਆਗਿਆਕਾਰੀ ਨਬੀ ਨੂੰ ਸਜ਼ਾ ਦੇਣ ਦੇ ਲਈ ਇਕ ਸ਼ੇਰ ਨੂੰ ਵਰਤਿਆ ਸੀ (1 ਰਾਜਿਆਂ 13:24-28) ਅਤੇ ਏਲੀਯਾਹ ਨੂੰ ਕਾਵਾਂ ਦੁਆਰਾ ਭੋਜਨ ਦੇ ਕੇ ਰਜਾਇਆ ਸੀ (1 ਰਾਜਿਆਂ 17:1-6)। ਅਲੀਸ਼ਾ ਨਬੀ ਦੇ ਹੁਕਮ ਤੇ, ਦੋ ਰਿੱਛਣੀਆਂ ਨੇ ਬਤਾਲੀ ਮੁੰਡਿਆਂ ਤੇ ਹਮਲਾ ਕੀਤਾ ਜਿਹੜੇ ਉਸ ਦਾ ਮਜ਼ਾਕ ਉਡਾ ਰਹੇ ਸਨ (2 ਰਾਜਿਆਂ 2:23, 24)। ਪਰਮੇਸ਼ੁਰ ਨੇ ਹਿਕਚਾਉਣ ਵਾਲੇ ਯੂਨਾਹ ਨਬੀ ਨੂੰ ਸਬਕ ਸਿਖਾਉਣ ਦੇ ਲਈ ਇਕ ਵੱਡੀ ਮੱਛੀ ਨੂੰ ਉਸ ਨੂੰ ਨਿੱਗਲਣ ਦੇ ਲਈ ਵਰਤਿਆ (ਯੂਨਾਹ 1:17-2:10)। ਦਾਨੀਏਲ ਨੂੰ ਸ਼ੇਰਾਂ ਦੇ ਘੁਰੇ ਵਿਚ ਕੁਝ ਨਹੀਂ ਹੋਇਆ ਕਿਉਂਕਿ ਪਰਮੇਸ਼ੁਰ ਨੇ ਸ਼ੇਰਾਂ ਦੇ ਮੂੰਹ ਨੂੰ ਬੰਦ ਕਰ ਦਿੱਤਾ ਸੀ (ਦਾਨੀਏਲ 6:22)। ਯਿਸੂ ਮਸੀਹ ਨੇ ਮੱਛੀਆਂ ਫੜਨ ਵਾਲਿਆਂ ਦੇ ਜਾਲਾਂ ਨੂੰ ਮੱਛੀਆਂ ਨਾਲ ਭਰ ਕੇ ਆਪਣੀ ਪਰਮੇਸ਼ੁਤਾਈ ਨੂੰ ਵਿਖਾਇਆ ਸੀ (ਲੂਕਾ 5:1-7; ਯੂਹੰਨਾ 21:1-6) ਅਤੇ ਉਹ ਆਖ਼ਰੀ ਵਾਰ ਗਧੀ

ਉੱਤੇ ਸਵਾਰ ਹੋ ਕੇ ਯਰੂਸ਼ਲਮ ਵਿਚ ਗਿਆ ਸੀ (ਮੱਤੀ 21:1-11)।

ਇਹ ਸਾਰੀਆਂ ਘਟਨਾਵਾਂ ਇਹ ਸਿੱਖਿਆ ਦਿੰਦੀਆਂ ਹਨ, ਜਿਵੇਂ ਜ਼ਬੂਰ ਲਿਖਣ ਵਾਲੇ ਨੇ ਆਖਿਆ ਹੈ, "ਹਜ਼ਾਰਾਂ ਪਹਾੜਾਂ ਦੇ ਡੰਗਰ" - ਅਤੇ ਧਰਤੀ ਉੱਤੇ ਹੋਰ ਸਾਰੇ ਪ੍ਰਾਣੀ - ਪਰਮੇਸ਼ੁਰ ਦੇ ਹਨ (ਜ਼ਬੂਰ 50:10; ਵੇਖੋ 24:1)। ਉਸ ਨੇ ਉਨ੍ਹਾਂ ਨੂੰ ਬਣਾਇਆ ਹੈ, ਉਹ ਉਨ੍ਹਾਂ ਨੂੰ ਕਾਬੂ ਵਿਚ ਰੱਖਦਾ ਹੈ ਅਤੇ ਉਹ ਉਨ੍ਹਾਂ ਨੂੰ ਆਪਣੇ ਉਦੇਸ਼ਾਂ ਦੇ ਲਈ ਵਰਤਦਾ ਹੈ। ਇਕ ਗੀਤ ਕਹਿੰਦਾ ਹੈ,

> ਸਾਰੀਆਂ ਚੀਜ਼ਾਂ ਚਮਕਦਾਰ ਅਤੇ ਸੁੰਦਰ ਹਨ,
> ਵੱਡੇ ਅਤੇ ਛੋਟੇ ਪ੍ਰਾਣੀ,
> ਸਾਰੀਆਂ ਚੀਜ਼ਾਂ ਸਮਝਦਾਰ ਅਤੇ ਸ਼ਾਨਦਾਰ ਹਨ,
> ਯਹੋਵਾਹ ਪਰਮੇਸ਼ੁਰ ਨੇ ਉਨ੍ਹਾਂ ਸਾਰੀਆਂ ਚੀਜ਼ਾਂ ਨੂੰ ਬਣਾਇਆ ਸੀ।[16]

ਸਾਰੇ ਪ੍ਰਾਣੀ ਪਰਮੇਸ਼ੁਰ ਦੀ ਮਹਿਮਾ ਦੇ ਲਈ ਬਣਾਏ ਗਏ ਸਨ ਅਤੇ ਉਸ ਦੇ ਸ਼ਾਸਨ ਦੇ ਅਧੀਨ ਹਨ (ਵੇਖੋ ਜ਼ਬੂਰ 148:10)।

---

ਟਿੱਪਣੀਆਂ

[1]ਸ਼ਿਲਾਲੇਖ ਦੇ ਅਨੁਵਾਦਾਂ ਦੇ ਲਈ, ਆਰ. ਡੈਨਿਸ ਕੋਲ ਦੀ ਪੁਸਤਕ *ਜ਼ੋਂਡੇਰਵਨ ਇਲੂਸਟਰੇਟਡ ਬਾਈਬਲ ਬੈਕਗਰਾਊਂਡਸ ਕਮੈਂਟਰੀ*, ਜਿਲਦ 1, *ਉਤਪਤ, ਕੂਚ, ਲੇਵੀਆਂ ਦੀ ਪੋਥੀ, ਗਿਣਤੀ, ਬਿਵਸਥਾ ਸਾਰ*, ਸੰਪਾ. ਜੌਨ ਐਚ. ਵਾਲਟਨ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2009) ਦੇ ਸਫ਼ੇ 380-81 ਵੇਖੋ; ਵਿਲੀਅਮ ਡਬਲਿਯੂ. ਹਾਲੋ, ਸੰਪਾ, *ਦ ਕੌਨਟੈਕਸਟ ਆਫ਼ ਸਕਰਿਪਚਰ* (ਬੋਸਟਨ: ਬਰਿਲ, 2003), 2:140-45. [2]ਰੌਏ ਗੇਨ ਦੀ ਪੁਸਤਕ ਦ ਐਨਆਈਵੀ ਐਪਲੀਕੇਸ਼ਨ ਕਮੈਂਟਰੀ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2004) ਵਿਚ ਸਫ਼ਾ 690 ਤੇ *ਲੇਵੀਆਂ, ਗਿਣਤੀ* ਹੈ। [3]ਰੋਨਲਡ ਬੀ. ਐਲਨ ਦੀ ਪੁਸਤਕ *ਦਿ ਇਕਸਪੋਜ਼ੀਟਰਸ ਬਾਈਬਲ ਕਮੈਂਟਰੀ*, ਜਿਲਦ 2, *ਉਤਪਤ-ਗਿਣਤੀ*, ਸੰਪਾ. ਫਰੈਂਕ ਈ. ਗਾਬੀਲੀਨ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1990) ਵਿਚ ਸਫ਼ਾ 887 ਤੇ "ਗਿਣਤੀ" ਹੈ। [4]ਚਾਰਲਸ ਐਫ. ਪੀਫਿਫਰ, *ਬੇਕਰਸ ਬਾਈਬਲ ਐਟਲਸ* (ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕਸ, 2003), 319. [5]ਜੂਲੀਅਸ ਐਚ. ਗਰੀਨਸਟੋਨ ਦੀ ਪੁਸਤਕ ਦ ਹੋਲੀ ਸਕਰਿਪਚਰਸ ਵਿਦ ਕਮੈਂਟਰੀ (ਫਿਲਾਡੈਲਫੀਆ: ਜਿਊਇਸ਼ ਪਬਲੀਕੇਸ਼ਨ ਸੋਸਾਇਟੀ ਆਫ਼ ਅਮੈਰੀਕਾ, 1939) ਵਿਚ ਸਫ਼ਾ 234 ਤੇ *ਗਿਣਤੀ* ਹੈ। [6]ਰੋਨਲਡ ਬੀ. ਐਲਨ ਅਤੇ ਕੈਨੇਥ ਐਲ. ਬਾਰਕਰ, ਨੋਟਸ ਆਨ ਨੰਬਰਸ, *ਦ ਐਨਆਈਵੀ ਸਟੱਡੀ ਬਾਈਬਲ*, ਸੋਧ. ਕੈਨੇਥ ਐਲ. ਬਾਰਕਰ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1985), 222. [7]ਮਿਸਰ ਵਿੱਚੋਂ ਭੱਜਣ ਤੋਂ ਬਾਅਦ, ਮੂਸਾ ਸੀਨਈ ਇਲਾਕੇ ਵਿਚ ਮਿਦਯਾਨੀਆਂ ਦੇ ਵਿਚ ਰਿਹਾ ਸੀ (ਕੂਚ 2:15-4:20)। [8]ਕਲਾਈਡ ਐਮ. ਵੁਡਸ ਅਤੇ ਜਸਟਿਨ ਐਮ. ਰੋਜਰਸ, *ਲੇਵੀਆਂ ਦੀ ਪੋਥੀ-ਗਿਣਤੀ*, ਦ ਕੌਲੇਜ ਪ੍ਰੈਸ ਐਨਆਈਵੀ ਕਮੈਂਟਰੀ (ਜੋਪਲਿਨ, ਮਿਸੂਰੀ: ਕੌਲਜ ਪ੍ਰੈਸ ਪਬਲਿਸ਼ਿੰਗ ਕੰਪਨੀ, 2006), 365. [9]ਕੋਲ, 378-79. [10]ਟਿਮੋਥੀ ਆਰ. ਐਸ਼ਲੀ ਦੀ ਪੁਸਤਕ ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1993) ਵਿਚ ਸਫ਼ਾ 445 ਤੇ *ਗਿਣਤੀ ਦੀ ਪੁਸਤਕ* ਹੈ।

[11]ਗੇਨ, 727. [12]ਡੈਨਿਸ ਟੀ. ਓਲਸਨ ਦੀ ਪੁਸਤਕ ਇੰਟਰਪਰਟੇਸ਼ਨ (ਲਾਊਸਵਿਲੇ: ਜੌਨ ਨੌਕਸ ਪ੍ਰੈਸ, 1996) ਵਿਚ ਸਫ਼ਾ 140 ਤੇ *ਗਿਣਤੀ* ਹੈ। [13]ਜਦ ਕਿ ਬਿਵਸਥਾ ਵਿਚ "ਫਾਲ ਪਾਉਣ" ਦੀ ਮਨਾਹੀ ਸੀ, ਇਸਰਾਏਲ ਦੇ ਨਬੀਆਂ ਨੂੰ ਪਰਮੇਸ਼ੁਰ ਦੇ ਵੱਲੋਂ ਇਕ ਸੰਦੇਸ਼ ਦੇ ਬਦਲੇ ਵਿਚ ਅਕਸਰ ਇਕ "ਇਨਾਮ" ਦਿੱਤਾ ਜਾਂਦਾ ਸੀ (1 ਸਮੂਏਲ 9:6-9; 1 ਰਾਜਿਆਂ 14:2, 3; 2 ਰਾਜਿਆਂ 8:8, 9)। [14]ਵੇਖੋ ਕੋਲ, 381; ਹਾਲੋ, 2:142. [15]ਉਸ ਮੌਕੇ ਤੇ ਬਿਲਆਮ ਦੇ ਅਨੁਭਵ ਦੀ ਤੁਲਨਾ ਯੂਹੰਨਾ 12:27-30 ਵਿਚ ਯਿਸੂ ਬਾਰੇ ਪਰਮੇਸ਼ੁਰ ਦੀ ਪੁਸ਼ਟੀ ਅਤੇ ਰਸੂਲਾਂ ਦੇ ਕਰਤੱਬ 9:3-9 ਵਿਚ ਦੰਮਿਸਕ ਦੇ ਮਾਰਗ ਤੇ ਸੌਲੁਸ ਦੇ ਅਨੁਭਵ ਨਾਲ ਕੀਤੀ ਜਾ ਸਕਦੀ ਹੈ। [16]ਸੀ. ਐਫ. ਐਲਗਜ਼ੰਡਰ, "ਆੱਲ ਥਿੰਗਸ ਬਰਾਈਟ ਐਂਡ ਬਿਊਟੀਫੁਲ," *ਸੌਂਗਸ ਆਫ਼ ਫੇਥ ਐਂਡ ਪਰੇਸ*, ਰਚਨਾ ਅਤੇ ਸੰਪਾ. ਆਲਟਨ ਐਚ. ਹੋਵਰਡ (ਵੈਸਟ ਮੋਨਰੇ, ਲੂਸੀਆਨਾ: ਹੋਵਰਡ ਪਬਲਿਸ਼ਿੰਗ ਕੰਪਨੀ, 1994)।